# ਵਿਲੱਖਣ ਸਮਰਥਾ (ਐਚ.ਆਈ., ਵੀ.ਆਈ ਅਤੇ ਐਮ.ਆਰ.) ਵਾਲੇ ਵਿਦਿਆਰਥੀਆਂ ਲਈ

## ਪ੍ਰਸ਼ਨ ਪੱਤਰ ਦੀ ਰੂਪ ਰੇਖਾ ਅਤੇ ਅੰਕ ਵੰਡ

**ਸੈਸ਼ਨ 2018-19**

**ਜਮਾਤ : ਛੇਵੀਂ**

**ਵਿਸ਼ਾ ਪੰਜਾਬੀ**

ਸਮਾਂ : 03 ਘੰਟੇ + 01 ਘੰਟਾ ਵਾਧੂ — ਕੁੱਲ ਅੰਕ : 90

### ਭਾਗ (ੳ)

<u>ਬਹੁ ਵਿਕਲਪੀ ਪ੍ਰਸ਼ਨ</u> — ਕੁੱਲ ਅੰਕ : 54

| | |
|---|---|
| 1. ਸਹੀ ਵਿਕਲਪ ਚੁਣੋ | 2 ਅੰਕ × 7 ਪ੍ਰਸ਼ਨ = 14 ਅੰਕ |
| 2. ਖਾਲੀ ਥਾਵਾਂ ਭਰੋ | 2 ਅੰਕ × 7 ਪ੍ਰਸ਼ਨ = 14 ਅੰਕ |
| 3. ਮਿਲਾਨ ਕਰੋ | 2 ਅੰਕ × 7 ਸ਼ਬਦ = 14 ਅੰਕ |
| 4. ਸਹੀ ਗਲਤ ਚੁਣੋ | 2 ਅੰਕ × 6 ਪ੍ਰਸ਼ਨ = 12 ਅੰਕ |

### ਭਾਗ (ਅ)

ਕੁੱਲ ਅੰਕ : 17

1. ਦੋ ਅੰਕਾਂ ਵਾਲੇ 3 ਪ੍ਰਸ਼ਨ = 6 ਅੰਕ
2. ਤਿੰਨ ਅੰਕਾਂ ਵਾਲੇ 2 ਪ੍ਰਸ਼ਨ = 6 ਅੰਕ
3. ਪੰਜ ਅੰਕਾਂ ਵਾਲੇ 1 ਪ੍ਰਸ਼ਨ = 5 ਅੰਕ

### ਭਾਗ (ੲ)

### <u>ਵਿਆਕਰਨ</u>

ਕੁੱਲ ਪ੍ਰਸ਼ਨ - 5 — ਕੁੱਲ ਅੰਕ : 19

| | |
|---|---|
| 1. ਲਿੰਗ ਬਦਲੋ | 1 ਅੰਕ × 2 ਪ੍ਰਸ਼ਨ = 2 ਅੰਕ |
| 2. ਬਚਨ ਬਦਲੋ | 1 ਅੰਕ × 2 ਪ੍ਰਸ਼ਨ = 2 ਅੰਕ |
| 3. ਵਾਕਾਂ ਵਿੱਚ ਵਰਤੋ | 2 ਅੰਕ × 2 ਪ੍ਰਸ਼ਨ = 4 ਅੰਕ |
| 4. ਪੱਤਰ (ਸਿਲੇਬਸ ਅਨੁਸਾਰ) | 5 ਅੰਕ × 1 ਪ੍ਰਸ਼ਨ = 5 ਅੰਕ |
| 5. ਲੇਖ / ਕਹਾਣੀ (ਸਿਲੇਬਸ ਅਨੁਸਾਰ) | 6 ਅੰਕ × 1 ਪ੍ਰਸ਼ਨ = 6 ਅੰਕ |

# ਵਿਲੱਖਣ ਸਮਰਥਾ (ਐਚ.ਆਈ., ਵੀ.ਆਈ ਅਤੇ ਐਮ.ਆਰ.) ਵਾਲੇ ਵਿਦਿਆਰਥੀਆਂ ਲਈ

(ਪ੍ਰਸ਼ਨ ਬੈਂਕ) ਹੱਲ ਸਹਿਤ

**ਕਲਾਸ ਛੇਵੀਂ**

ਵਿਸ਼ਾ : ਪੰਜਾਬੀ

ਪਿਆਰੇ ਵਿਦਿਆਰਥੀਓ,

ਮਾਣਯੋਗ ਸਕੱਤਰ ਸਕੂਲ ਸਿੱਖਿਆ ਵਿਭਾਗ ਪੰਜਾਬ ਜੀ ਦੇ ਮਾਰਗ ਦਰਸ਼ਨ ਅਤੇ ਦਿਸ਼ਾ ਨਿਰਦੇਸ਼ਾਂ ਹੇਠ ਵਿਲੱਖਣ ਸਮਰਥਾ ਵਾਲੇ ਛੇਵੀਂ ਕਲਾਸ ਦੇ ਵਿਦਿਆਰਥੀਆਂ ਲਈ ਪੰਜਾਬੀ ਵਿਸ਼ੇ ਦਾ ਪ੍ਰਸ਼ਨ ਬੈਂਕ ਤਿਆਰ ਕੀਤਾ ਗਿਆ ਹੈ। ਵਿਲੱਖਣ ਸਮਰਥਾ ਵਾਲੇ ਵਿਦਿਆਰਥੀਆਂ ਲਈ ਕੋਈ ਵੱਖਰਾ ਪਾਠਕ੍ਰਮ ਨਹੀਂ ਰੱਖਿਆ ਗਿਆ, ਸਿਰਫ਼ ਪ੍ਰਸ਼ਨ ਪੱਤਰ ਦੀ ਰੂਪ-ਰੇਖਾ ਹੀ ਭਿੰਨ ਰੱਖੀ ਗਈ ਹੈ। ਇਸ ਪ੍ਰਸ਼ਨ ਪੱਤਰ ਵਿੱਚ 60% ਪ੍ਰਸ਼ਨ (ਬਹੁ ਵਿਕਲਪੀ ਪ੍ਰਸ਼ਨ, ਖਾਲੀ ਥਾਵਾਂ, ਮਿਲਾਨ ਕਰੋ ਅਤੇ ਸਹੀ ਗਲਤ ਪਛਾਣੋ) ਹਨ ਜਦੋ ਕਿ 20% ਛੋਟੇ ਉੱਤਰਾਂ ਵਾਲੇ ਪ੍ਰਸ਼ਨ ਅਤੇ 20% ਵੱਡੇ ਉੱਤਰਾਂ ਵਾਲੇ ਪ੍ਰਸ਼ਨ ਹਨ।

ਇਸ ਪ੍ਰਸ਼ਨ ਬੈਂਕ ਨੂੰ ਬਣਾਉਣ ਦਾ ਉਦੇਸ਼ ਵਿਲੱਖਣ ਸਮਰਥਾ ਵਾਲੇ ਵਿਦਿਆਰਥੀਆਂ ਨੂੰ ਉਚਿਤ ਅਤੇ ਲੋੜੀਂਦਾ ਗਿਆਨ ਸਰਲਤਾ ਨਾਲ ਪ੍ਰਦਾਨ ਕਰਨ ਦਾ ਹੈ। ਇਸ ਪ੍ਰਸ਼ਨ ਬੈਂਕ ਦੀ ਵਿਸ਼ੇਸਤਾ ਇਹ ਹੈ ਕਿ ਇਸ ਨੂੰ 100% ਹੱਲ ਕੀਤਾ ਗਿਆ ਹੈ ਅਤੇ ਪ੍ਰੀਖਿਆ ਵਿੱਚ ਕੇਵਲ ਇਸ ਪ੍ਰਸ਼ਨ ਬੈਂਕ ਵਿੱਚੋਂ ਹੀ ਪ੍ਰਸ਼ਨ ਪੁੱਛੇ ਜਾਣਗੇ।

ਇਸ ਪ੍ਰਸ਼ਨ ਬੈਂਕ ਨੂੰ ਵਿਸ਼ਾ ਮਾਹਿਰਾਂ ਵੱਲੋਂ ਤਿਆਰ ਕੀਤਾ ਗਿਆ ਹੈ। ਸੁਧਾਰ ਦੇ ਤੋਰ ਤੇ ਆਏ ਸੁਝਾਵਾਂ ਦੇ ਸੁਆਗਤ ਕੀਤਾ ਜਾਵੇਗਾ।


ਤਿਆਰ ਕਰਤਾ

ਰਵਿੰਦਰ ਸਿੰਘ,
ਪੰਜਾਬੀ ਮਾਸਟਰ, ਸ.ਸ.ਸ.ਸ. ਡੱਲਾ (ਰੂਪਨਗਰ)
ਮੋਬਾਈਲ ਨੰ: 9463388007

ਸੰਪਾਦਕ

ਵਿਸ਼ਾ ਮਾਹਿਰ
ਐਸ.ਸੀ.ਈ.ਆਰ.ਟੀ ਪੰਜਾਬ।

# ਤਤਕਰਾ


| ਪੰਨਾਂ ਨੰਬਰ | |
| --- | --- |
| 02 - 05 | 2 ਅੰਕ ਵਾਲੇ ਪ੍ਰਸ਼ਨ |
| 06 - 11 | 3 ਅੰਕ ਵਾਲੇ ਪ੍ਰਸ਼ਨ |
| 12 - 15 | 5 ਅੰਕ ਵਾਲ ਪ੍ਰਸ਼ਨ |
| 16 - 18 | ਖਾਲੀ ਥਾਵਾਂ |
| 19 - 22 | ਬਹੁ ਵਿਕਲਪੀ ਪ੍ਰਸ਼ਨ |
| 23 - 25 | ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ |
| 26 - 26 | ਵਚਨ ਬਦਲੋ |
| 27 - 27 | ਲਿੰਗ ਬਦਲੋ |

# ਪਾਠਕ੍ਰਮ

(ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ)

# ਵਿਸ਼ਾ ਪੰਜਾਬੀ

## ਕਲਾਸ : ਛੇਵੀਂ

ਸ਼ੈਸ਼ਨ -2018-19


*ਤਿਆਰ ਕਰਤਾ*:

ਸ. ਰਵਿੰਦਰ ਸਿੰਘ, ਪੰਜਾਬੀ ਮਾਸਟਰ,

ਸਰਕਾਰੀ ਸੀਨੀ. ਸੈਕੰਡਰੀ ਸਕੂਲ ਡੱਲਾ (ਰੂਪਨਗਰ)

ਮੋਬਾਇਲ :94633-88007

## ਦੋ ਅੰਕਾਂ ਵਾਲੇ ਪ੍ਰਸ਼ਨ

1) ਕਿਸਦੀ ਸ਼ਾਨ ਨਿਰਾਲੀ ਹੈ?

ਉੱਤਰ : ਤਿਰੰਗੇ ਝੰਡੇ ਦੀ।

2) ਤਿੰਨੇ ਰੰਗ ਇਕੱਠੇ ਹੋ ਕੇ ਕਿਸ ਬਾਰੇ ਦੱਸਦੇ ਹਨ?

ਉੱਤਰ : ਏਕਤਾ ਬਾਰੇ।

3) ਰਸੋਈ ਦੀ ਅਲਮਾਰੀ ਵਿੱਚ ਲਿਫ਼ਾਫ਼ਿਆਂ ਅੰਦਰ ਕੌਣ – ਕੌਣ ਬੈਠੇ ਸਨ?

ਉੱਤਰ : ਇਲਾਚੀ, ਸੌਂਫ਼, ਜਵੈਣ, ਅੰਬ-ਚੂਰ ਅਤੇ ਅਨਾਰਦਾਣਾ ਬੈਠੇ ਸਨ।

4) ਜਿਆਦਾ ਗਰਮੀ ਕਿਸ ਨੂੰ ਲੱਗ ਰਹੀ ਸੀ?

ਉੱਤਰ : ਅਨਾਰਦਾਣੇ ਨੂੰ।

5) ਜਦੋਂ ਮਹਾਤਮਾ ਗਾਂਧੀ ਜੀ ਦਾ ਜਨਮ ਹੋਇਆ ਤਾਂ ਭਾਰਤ ਕਿਸਦਾ ਗੁਲਾਮ ਸੀ?

ਉੱਤਰ :ਅੰਗਰੇਜਾਂ ਦਾ।

6) ਬਚਪਨ ਵਿੱਚ ਗਾਂਧੀ ਜੀ ਨੂੰ ਕਿਹੜਾ ਨਾਟਕ ਵੇਖਣ ਦਾ ਮੌਕਾ ਮਿਲਿਆ?

ਉੱਤਰ : ਰਾਜਾ ਹਰੀਸ਼ ਚੰਦਰ।

7) ਸਕੂਲ ਵੱਲ ਕੌਣ ਨੱਠੇ ਜਾ ਰਹੇ ਸਨ?

ਉੱਤਰ : ਗੁਰਦੀਪ, ਮਨਜੀਤ ਅਤੇ ਸੰਤੋਖ ਚੀਕਾਂ ਮਾਰਦੇ ਸਕੂਲ ਵੱਲ ਨੱਠੇ ਜਾ ਰਹੇ ਸਨ।

8) ਨਾਲ਼ੀਆਂ ਦਾ ਗੰਦਾ ਪਾਣੀ ਕਿਨ੍ਹਾਂ ਕਾਰਨ ਇਕੱਠਾ ਹੋ ਜਾਂਦਾ ਹੈ?

ਉੱਤਰ : ਪਲਾਸਟਿਕ ਦੇ ਲਿਫ਼ਾਫ਼ਿਆਂ ਕਾਰਨ।

9) ਕਵੀ ਕਿਸ ਫੁੱਲ਼ ਨਾਲ ਪੰਜਾਬੀ ਮੁਟਿਆਰਾਂ ਦੀ ਤੁਲਨਾ ਕਰਦਾ ਹੈ?

ਉੱਤਰ : ਗੁਲਾਬ ਦੇ ਫੁੱਲ ਨਾਲ।

10) ਤ੍ਰਿੰਞਣਾਂ ਦੇ ਵਿੱਚ ਬੈਠੀਆਂ ਕੁੜੀਆਂ ਕੀ ਕਰਦੀਆਂ ਹਨ?

ਉੱਤਰ : ਚਰਖਾ ਕੱਤਦੀਆਂ ਅਤੇ ਗੀਤ ਗਾਉਂਦੀਆ ਹਨ।

11) ਕਿਸ ਨਾਂ ਦਾ ਬਾਲਕ ਗਊਆਂ ਚਰਾਉਂਦਾ ਫਿਰਦਾ ਸੀ?

ਉੱਤਰ : 'ਬੂੜੇ' ਨਾਂ ਦਾ ਬਾਲਕ।

12) ਬੂੜੇ ਨੇ ਗੁਰੂ ਜੀ ਨੂੰ ਆਪਣੀ ਉਦਾਸੀ ਦਾ ਕੀ ਕਾਰਨ ਦੱਸਿਆ?

ਉੱਤਰ : ਬੂੜੇ ਨੇ ਗੁਰੂ ਜੀ ਨੂੰ ਦੱਸਿਆ ਕਿ ਉਸ ਨੂੰ ਸਾਰਾ ਦਿਨ ਮੌਤ ਦਾ ਡਰ ਲੱਗਿਆ ਰਹਿੰਦਾ ਹੈ।

13) ਕੁੜੀਆਂ ਕਿਸਾਨ ਨੂੰ ਅਤੇ ਉਸ ਦੇ ਪੁੱਤਰ ਨੂੰ ਵੇਖ ਕੇ ਕਿਉਂ ਹੱਸਣ ਲੱਗੀਆਂ?

ਉੱਤਰ : ਕੁੜੀਆਂ ਕਿਸਾਨ ਅਤੇ ਉਸ ਦੇ ਪੁੱਤਰ ਨੂੰ ਵੇਖ ਕੇ ਹੱਸਣ ਲੱਗੀਆਂ ਕਿਉਂਕਿ ਉਹ ਖੋਤੇ ਉੱਤੇ ਬੈਠਣ ਦੀ ਬਜਾਏ ਤੁਰ ਕੇ ਹੀ ਸ਼ਹਿਰ ਵੱਲ ਜਾ ਰਹੇ ਸਨ ।

14) ਪਿਉ ਪੁੱਤਰ ਨੂੰ ਖੋਤੇ ਉੱਪਰ ਬੈਠੇ ਵੇਖ ਕੇ ਬੰਦਿਆਂ ਨੇ ਦੋਵਾਂ ਨੂੰ ਕੀ ਕਿਹਾ?

ਉੱਤਰ : ਪਿਉ ਪੁੱਤ ਨੂੰ ਖੋਤੇ ਉੱਪਰ ਬੈਠੇ ਵੇਖ ਕੇ ਬੰਦਿਆਂ ਨੇ ਕਿਹਾ ਕਿ ਇਹ ਖੋਤਾ ਕਿਸ ਦਾ ਚੋਰੀ ਕਰਕੇ ਲਿਆਏ ਹੋ ਜਿਸ ਦਾ ਤੁਸੀਂ ਲਾਹਾ ਲੈਣ ਲੱਗੇ ਹੋਏ ਹੋ।

15) ਆਮ ਤੋਰ ਤੇ ਕਿਹੜੀਆਂ ਕੁੜੀਆਂ ਥਾਲ਼ ਦੀ ਖੇਡ ਖੇਡਦੀਆਂ ਹਨ?

ਉੱਤਰ : ਜਵਾਨ ਕੁੜੀਆਂ।

16) ਇਸ ਖੇਡ ਵਿੱਚ ਵਰਤੀ ਜਾਣ ਵਾਲੀ ਗੇਂਦ ਕਿਸ ਦੀ ਬਣੀ ਹੁੰਦੀ ਹੈ?

ਉੱਤਰ : ਲੀਰਾਂ ਦੀ।

17) ਕੀੜੀ ਹਰ ਵੇਲ਼ੇ ਕੀ ਕਰਦੀ ਹੈ?

ਉੱਤਰ : ਕੀੜੀ ਹਰ ਵੇਲ਼ੇ ਆਪਣੇ ਕੰਮਾਂ ਵਿੱਚ ਰੁਝੀ ਰਹਿੰਦੀ ਹੈ।

18) ਮਿੱਠੀਆਂ ਚੀਜਾਂ ਦੀ ਖੁਸ਼ਬੋ ਆਉਣ ਤੇ ਕੀੜੀਆਂ ਕੀ ਕਰਦੀਆਂ ਹਨ?

ਉੱਤਰ : ਮਿੱਠੀਆਂ ਚੀਜਾਂ ਦੀ ਖੁਸ਼ਬੋ ਆਉਣ ਕਾਰਨ ਸਾਰੀਆਂ ਕੀੜੀਆਂ ਇੱਕ ਥਾਂ ਇਕੱਠੀਆਂ ਹੋ ਜਾਂਦੀਆਂ ਹਨ।

19) ਗੀਤਾ ਦੇ ਘਰ ਦੀ ਹਾਲਤ ਮਾੜੀ ਕਿਉਂ ਸੀ?

ਉੱਤਰ : ਜਿਆਦਾ ਬੱਚੇ ਹੋਣ ਕਾਰਨ।

20) ਇਸ ਕਹਾਣੀ ਵਿੱਚ ਦਾਤੇ ਕਿਸ ਨੂੰ ਕਿਹਾ ਗਿਆ ਹੈ?

ਉੱਤਰ : ਬੱਚਿਆਂ ਨੂੰ।

21) ਕਬੀਰ ਜੀ ਦਾ ਜਨਮ ਕਿਹੜੀ ਸਦੀ ਵਿੱਚ ਹੋਇਆ?

ਉੱਤਰ : 15ਵੀਂ ਸਦੀ ਵਿੱਚ।

22) ਭਗਤ ਕਬੀਰ ਜੀ ਨੇ ਜਾਤ – ਪਾਤ ਨੂੰ ਖਤਮ ਕਰਨ ਲਈ ਕੀ ਉਪਦੇਸ਼ ਦਿੱਤਾ?

ਉੱਤਰ : ਜਾਤ ਪਾਤ ਨਾ ਪੂਛੇ ਕੋਇ।
ਹਰ ਕੋ ਭਜੈ ਸੋ ਹਰ ਕਾ ਹੋਇ।

23) ਬੁੱਧੂ ਆਪਣੇ ਖੋਤੇ ਨੂੰ ਕਿਥੇ ਲੈ ਕੇ ਗਿਆ?

ਉੱਤਰ :ਬੁੱਧੂ ਆਪਣੇ ਖੋਤੇ ਨੂੰ ਡੰਗਰਾਂ ਵਾਲ਼ੇ ਹਸਪਤਾਲ ਵਿੱਚ ਲੈ ਕੇ ਗਿਆ।

24) ਸ. ਭਗਤ ਸਿੰਘ ਦਾ ਜਨਮ ਕਦੋ ਹੋਇਆ?

ਉੱਤਰ : ਸੰਨ 1907 ਵਿੱਚ।

25) ਸ. ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫ਼ਾਂਸੀ ਕਦੋਂ ਦਿੱਤੀ ਗਈ?

ਉੱਤਰ : 23 ਮਾਰਚ 1931 ਨੂੰ ।

26) ਆਲੋਕ ਸਕੂਲ ਕਿਉਂ ਨਹੀਂ ਗਿਆ?

ਉੱਤਰ :ਆਲੋਕ ਇਸ ਲਈ ਸਕੂਲ ਨਹੀਂ ਗਿਆ ਕਿਉਂਕਿ ਉਸ ਨੂੰ ਬੁਖ਼ਾਰ ਸੀ।

27) ਮੰਜੇ ਤੇ ਬੈਠੇ ਆਲੋਕ ਅਤੇ ਇਕਬਾਲ ਕਿਸ ਦੀਆਂ ਗੱਲਾਂ ਕਰ ਰਹੇ ਸਨ?

ਉੱਤਰ : ਸਕੂਲ ਦੀਆਂ।

28) ਇਸ ਕਵਿਤਾ ਵਿੱਚ ਕਵੀ ਨੇ ਕਿਸ ਮੇਲੇ ਦਾ ਵਰਨਣ ਕੀਤਾ ਹੈ?

ਉੱਤਰ : ਵਿਸਾਖੀ ਦੇ ਮੇਲੇ ਦਾ।

29) ਮੇਲੇ ਕਿਸ ਨਾਲ ਸੋਭਦੇ ਹਨ?

ਉੱਤਰ : ਯਾਰਾਂ – ਬੇਲੀਆਂ ਨਾਲ।

30) ਝੀਲ ਦੀ ਸੈਰ ਕੌਣ ਕਰਦੇ ਸਨ?

ਉੱਤਰ : ਸੋਹਣੇ – ਸੋਹਣੇ ਬੱਚੇ।

31) ਮਨੁੱਖ, ਪਸ਼ੂਆਂ ਅਤੇ ਪੰਛੀਆਂ ਦੇ ਦੁਬਾਰਾ ਪੌਦੇ ਲਾਉਣ ਨਾਲ ਝੀਲ ਤੇ ਕੀ ਅਸਰ ਪਿਆ?

ਉੱਤਰ : ਸਾਰਿਆਂ ਦੇ ਯਤਨਾਂ ਨਾਲ ਝੀਲ ਫਿਰ ਹਰੀ ਭਰੀ ਹੋ ਗਈ ਅਤੇ ਫਿਰ ਤੋਂ ਰੰਗਲੇ ਪੰਛੀ ਝੀਲ ਤੇ ਆਉਣ ਲੱਗੇ।

32) ਲੋਕਾਂ ਦਾ ਆਉਣਾ ਜਾਣਾ ਵਧੇਰੇ ਕਿਉਂ ਹੋ ਗਿਆ ਹੈ?

ਉੱਤਰ : ਬੱਸਾਂ, ਗੱਡੀਆਂ ਦੀ ਸਹੂਲਤ ਕਾਰਨ ਅਤੇ ਸ਼ਹਿਰਾਂ ਵਿੱਚ ਕੰਮਾਂ ਕਾਰਾ ਨੂੰ ਨਿਪਟਾਉਣ ਅਤੇ ਰੁਜ਼ਗਾਰ ਪ੍ਰਾਪਤ ਕਰਨ ਲਈ ਲੋਕਾਂ ਦਾ ਵਧੇਰੇ ਆਉਣਾ ਜਾਣਾ ਹੋ ਗਿਆ ਹੈ।

33) ਸਾਨੂੰ ਹਮੇਸ਼ਾ ਕਿਹੜੇ ਹੱਥ ਤੁਰਨਾ ਚਾਹੀਦਾ ਹੈ।

ਉੱਤਰ : ਖੱਬੇ ਹੱਥ।

34) ਪੰਜੇ ਪਾਂਡਵਾਂ ਨੇ ਕਿਨੇ ਸਮੇਂ ਦਾ ਬਨਵਾਸ ਕੱਟਿਆ?

ਉੱਤਰ : 13 ਸਾਲਾਂ ਦਾ।

35) ਕਿਹਨਾਂ ਦਾ ਪਿਆਸ ਕਾਰਨ ਬੁਰਾ ਹਾਲ ਹੋ ਗਿਆ ਸੀ?

ਉੱਤਰ : ਪੰਜੇ ਪਾਂਡਵਾਂ ਅਤੇ ਦਰੋਪਤੀ ਦਾ।

36) ਧਰਤੀ ਦੇ ਮੁਖੜੇ ਨੂੰ ਕੌਣ ਰੁਸ਼ਨਾਉਂਦਾ ਹੈ?

ਉੱਤਰ : ਸੂਰਜ ਦੀਆਂ ਕਿਰਨਾਂ।

37) ਧਰਤੀ ਦਾ ਸ਼ਿੰਗਾਰ ਕੌਣ ਕਰਦਾ ਹੈ?

ਉੱਤਰ : ਰੰਗ ਬਿਰੰਗੇ ਫੁੱਲ।

38) ਧਰਤੀ ਦਾ ਪੌਣ ਪਾਣੀ ਵੱਖ-ਵੱਖ ਥਾਵਾਂ ਤੇ ਕਿਵੇਂ ਦਾ ਹੈ?

ਉੱਤਰ : ਵੱਖੋ-ਵੱਖਰਾ।

39) ਦੀਪ ਸਕੂਲ ਦੀਆਂ ਛੁੱਟੀਆਂ ਵਿੱਚ ਕਿੱਥੇ ਘੁੰਮਣਾ ਚਾਹੁੰਦਾ ਸੀ?

ਉੱਤਰ : ਜੈਪੁਰ, ਜੋਧਪੁਰ, ਪਾਲਮਪੁਰ ਜਾਂ ਬੰਗਲੌਰ।

40) ਦੀਪੂ ਦੀ ਮਾਸੀ ਦੀ ਬੇਟੀ ਕੰਚੂ ਦੀ ਪਿੰਡਾਂ ਬਾਰੇ ਕੀ ਸੋਚ ਸੀ?

ਉੱਤਰ : ਕੰਚੂ ਦੀ ਸੋਚ ਸੀ ਪਿੰਡਾਂ ਵਿੱਚ ਗੋਹੇ ਦੀ ਬਦਬੂ ਆਉਂਦੀ ਰਹਿੰਦੀ ਹੈ ਅਤੇ ਪਿੰਡ ਸਾਫ਼-ਸੁਥਰੇ ਨਹੀਂ ਹੁੰਦੇ।

41) ਪੰਡਤ ਜੀ ਦੇ ਮੌਤ ਦੀ ਪੁਸ਼ਟੀ ਕਿਸ ਨੇ ਕੀਤੀ?

ਉੱਤਰ : ਟਿਕਟ- ਚੈੱਕਰ ਨੇ।

42) ਸਵਾਰੀਆਂ ਦਾ ਮਨ ਕੀ ਕਹਿ ਰਿਹਾ ਸੀ?

ਉੱਤਰ : ਕਿ ਕਾਸ਼! ਇਹ ਖ਼ਬਰ ਝੂਠੀ ਹੋਵੇ।

43) ਅਜਿੰਦਰ ਕੌਰ ਨੇ ਕਿਹੜੀ ਖੇਡ ਵਿੱਚ ਨਾਮ ਕਮਾਇਆ?

ਉੱਤਰ : ਮਹਿਲਾ ਹਾਕੀ ਖੇਡ ਵਿੱਚ ।

44) ਅਜਿੰਦਰ ਕੌਰ ਦੇ ਮਾਤਾ ਪਿਤਾ ਦਾ ਕੀ ਨਾਮ ਸੀ?

ਉੱਤਰ : ਉਹਨਾਂ ਦੀ ਮਾਤਾ ਦਾ ਨਾਂ ਸਤਵੰਤ ਕੌਰ ਅਤੇ ਪਿਤਾ ਜੀ ਦਾ ਨਾਮ ਨੰਦ ਸਿੰਘ ਸੀ।

45) ਪਿੰਡ ਸੌਧਰਾਂ ਦਾ ਨਾਂ ਕਿਵੇਂ ਪਿਆ?

ਉੱਤਰ : 'ਸੌ ਦਰਾਂ' ਅਰਥਾਤ ਸੌ ਦਰਵਾਜਿਆਂ ਕਰਕੇ ਹੀ ਪਿੰਡਾ ਦਾ ਨਾਂ ਸੋਧਰਾਂ ਪੈ ਗਿਆ ।

46) ਮੁਸਾਫ਼ਰ ਨੇ ਕਿਸ ਬਾਰੇ ਘੱਨਈਆ ਨੂੰ ਜਾਣਕਾਰੀ ਦਿੱਤੀ?

ਉੱਤਰ : ਮੁਸਾਫ਼ਰ ਨੇ ਘੱਨਈਏ ਨੂੰ ਗੁਰੂ ਤੇਗ ਬਹਾਦਰ ਅਤੇ ਉਨਾਂ ਦੇ ਸਾਹਿਬਜ਼ਾਦੇ ਗੋਬਿੰਦ ਰਾਏ ਬਾਰੇ ਜਾਣਕਾਰੀ ਦਿੱਤੀ।

47) ਡਾ. ਭੀਮ ਰਾਉ ਅੰਬੇਦਕਰ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ?

ਉੱਤਰ : ਉਹਨਾਂ ਦੀ ਮਾਤਾ ਜੀ ਦਾ ਨਾਮ ਭੀਮਾ ਬਾਈ ਅਤੇ ਪਿਤਾ ਜੀ ਦਾ ਨਾਮ ਰਾਮ ਜੀ ਸੀ ।

48) ਛੋਟੀ ਉਮਰ ਵਿੱਚ ਭੀਮ ਰਾਉ ਜੀ ਨੂੰ ਕਿਹੜੀਆਂ ਕੁਰੀਤੀਆਂ ਦਾ ਸਾਹਮਣਾ ਕਰਨਾ ਪਿਆ?

ਉੱਤਰ : ਜਾਤ-ਪਾਤ, ਭੇਦ-ਭਾਵ ਅਤੇ ਛੂਤ-ਛਾਤ ਦਾ।

49) ਤਿੱਤਲੀ ਅਨੁਸਾਰ ਉਸਨੇ ਰੰਗ ਕਿਸ ਤੋਂ ਲਏ ਹਨ ?

ਉੱਤਰ : ਫੁੱਲਾਂ ਤੋਂ।

50) ਭੌਰੇ ਦਾ ਕਿਸ ਸੰਗ ਪਿਆਰ ਹੈ?

ਉੱਤਰ : ਫੁੱਲਾਂ ਨਾਲ।

*****

## ਤਿੰਨ ਅੰਕਾਂ ਵਾਲੇ ਪ੍ਰਸ਼ਨ

1) ਤਿਰੰਗੇ ਝੰਡੇ ਦੇ ਤਿੰਨੇ ਰੰਗ ਕਿਸ ਦਾ ਪ੍ਰਤੀਕ ਹਨ?
ਉੱਤਰ) ਤਿਰੰਗੇ ਦੇ ਤਿੰਨ ਰੰਗ ਭਾਰਤੀਆਂ ਦੇ ਸਾਰੇ ਧਰਮਾਂ ਦੀ ਸਾਂਝੀਵਾਲਤਾ ਅਤੇ ਏਕਤਾ ਦੇ ਪ੍ਰਤੀਕ ਹਨ।

2) ਅਸ਼ੋਕ ਚੱਕਰ ਦੀ ਕੀ ਭਾਵ ਹੈ?
ਉੱਤਰ : ਅਸ਼ੋਕ ਚੱਕਰ ਤੋਂ ਭਾਵ ਦੇਸ਼ ਦੀ ਉਨੱਤੀ ਅਤੇ ਵਿਕਾਸ ਤੋਂ ਹੈ।

3) ਅਨਾਰਦਾਣਾ ਕੀ ਦਾ ਮਹਿਸੂਸ ਕਰ ਰਿਹਾ ਸੀ?
ਉੱਤਰ : ਅਨਾਰਦਾਣਾ ਬੜੀ ਗਰਮੀ ਮਹਿਸੂਸ ਕਰ ਰਿਹਾ ਸੀ ਕਿਉਂਕਿ ਉਹ ਦੂਰ – ਦੁਰਾਡੇ ਦੇਸ਼ ਕਸ਼ਮੀਰ ਤੋਂ ਆਇਆ ਸੀ, ਜਿੱਥੋਂ ਬੜੀ ਠੰਢ ਹੁੰਦੀ ਹੈ।

4) ਦੁਪਹਿਰ ਦੀ ਤਿੱਖੀ ਗਰਮੀ ਘਟਣ ਤੇ ਕੀ ਹੋਇਆ?
ਉੱਤਰ : ਦੁਪਹਿਰ ਦੀ ਤਿੱਖੀ ਗਰਮੀ ਘਟਣ ਤੋਂ ਬਾਅਦ ਅਸਮਾਨ ਉੱਤੇ ਬੱਦਲ ਆ ਗਏ ਸਨ। ਇਲਾਚੀ, ਜਵੈਣ, ਅੰਬਚੂਰ ਤੇ ਅਨਾਰਦਾਣਾ ਸਾਰੇ ਖੁਸ਼ ਹੋ ਗਏ ਤੇ ਆਪਣੇ- ਆਪਣੇ ਲਿਫ਼ਾਫਿਆਂ ਵਿੱਚ ਜਾ ਕੇ ਮਿੱਠੀ ਨੀਂਦ ਸੌਂ ਗਏ।

5) ਮਹਾਤਮਾ ਗਾਂਧੀ ਜੀ ਨੇ ਕਿਹੜਾ ਮਾਰਗ ਚੁਣਿਆ?
ਉੱਤਰ : ਮਹਾਤਮਾ ਗਾਂਧੀ ਜੀ ਸਾਰੇ ਮਨੁੱਖਾਂ ਨੂੰ ਇੱਕ ਸਮਾਨ ਸਮਝਦੇ ਸਨ। ਉਹਨਾਂ ਦੇ ਮਨ ਵਿੱਚ ਕਿਸੇ ਧਰਮ ਅਤੇ ਜਾਤ ਬਾਰੇ ਬੁਰੀ ਭਾਵਨਾਂ ਨਹੀਂ ਸੀ। ਉਹਨਾਂ ਨੇ ਸਚਾਈ ਅਤੇ ਅਹਿੰਸਾ ਦਾ ਮਾਰਗ ਚੁਣਿਆ।

6) ਮਹਾਤਮਾ ਗਾਂਧੀ ਜੀ ਨੇ ਆਪਣੀ ਮਾਤਾ ਨਾਲ ਕਿਹੜਾ ਵਾਅਦਾ ਕੀਤਾ?
ਉੱਤਰ : ਗਾਂਧੀ ਜੀ ਨੇ ਉੱਚ ਸਿੱਖਿਆ ਲਈ ਇੰਗਲੈਂਡ ਜਾਣ ਲੱਗਿਆ ਆਪਣੀ ਮਾਤਾ ਜੀ ਨਾਲ ਵਾਅਦਾ ਕੀਤਾ ਕਿ ਉਹ ਕਦੇ ਵੀ ਮਾਸ ਅਤੇ ਸ਼ਰਾਬ ਦਾ ਸੇਵਨ ਨਹੀਂ ਕਰਨਗੇ।

7) ਮਾਸਟਰ ਜੀ ਨੇ ਬਾਬਾ ਜੀ ਨੂੰ ਪਲਾਸਟਿਕ ਦੇ ਲਿਫ਼ਾਫਿਆਂ ਬਾਰੇ ਕੀ ਦੱਸਿਆ?
ਉੱਤਰ : ਮਾਸਟਰ ਜੀ ਨੇ ਬਾਬਾ ਜੀ ਨੂੰ ਦੱਸਿਆ ਕਿ ਪਲਾਸਟਿਕ ਦੇ ਲਿਫ਼ਾਫੇ ਸਾਰੇ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ। ਇਹ ਨਾ ਗਲ਼ਦੇ ਹਨ ਅਤੇ ਨਾ ਹੀ ਸੜਦੇ ਹਨ। ਇਹਨਾਂ ਨਾਲ਼ ਗਲ਼ੀਆ ਨਾਲੀਆਂ ਵਿੱਚ ਪਾਣੀ ਇਕੱਠਾ ਹੋ ਜਾਂਦਾ ਹੈ ਅਤੇ ਸਭ ਪਾਸੇ ਸੜਾਂਦ ਮਾਰਦਾ ਹੈ।

8) ਪਲਾਸਟਿਕ ਦੇ ਲਿਫ਼ਾਫਿਆਂ ਬਾਰੇ ਸਰਕਾਰ ਨੇ ਕੀ ਕਦਮ ਚੁੱਕੇ ਹਨ?
ਉੱਤਰ : ਸਰਕਾਰ ਵੱਲੋਂ ਕਨੂੰਨੀ ਤੋਰ ਤੇ ਪਲਾਸਟਿਕ ਦੇ ਲਿਫ਼ਾਫਿਆਂ ਨੂੰ ਬੰਦ ਕੀਤਾ ਗਿਆ ਹੈ। ਖ਼ਾਸ ਤੋਰ ਤੇ ਸੈਰ ਸਪਾਟੇ ਵਾਲੀਆਂ ਥਾਵਾਂ ਜਿਵੇਂ ਕਿ ਹਿਮਾਚਲ ਪ੍ਰਦੇਸ਼ ਵਿੱਚ ਸਥਿਤ ਪਹਾੜੀ ਸਥਾਨਾਂ ਵਿੱਚ ਇਹਨਾਂ ਦੀ ਵਰਤੋਂ ਤੇ ਰੋਕ ਲਗਾਈ ਗਈ ਹੈ।

9) ਅਡੋਲ ਸਮਾਧੀ ਲਗਾਈ ਬੈਠੇ ਮਹਾਤਮਾ ਨੂੰ ਵੇਖ ਕੇ ਬੂੜੇ ਦੇ ਮਨ ਵਿੱਚ ਕੀ ਖਿਆਲ ਆਇਆ?
ਉੱਤਰ : ਬੂੜੇ ਦੇ ਮਨ ਵਿੱਚ ਆਇਆ ਕਿ ਕਾਫ਼ੀ ਸਮੇਂ ਤੋਂ ਸਮਾਧੀ ਲਾਈ ਬੈਠੇ ਮਹਾਤਮਾ ਨੂੰ ਭੁੱਖ ਲੱਗੀ ਹੋਵੇਗੀ। ਉਹ ਨੇੜੇ ਹੀ ਖੂਹ ਵਿੱਚ ਉਤਰ ਕੇ ਪਾਣੀ ਦੀਆਂ ਟਿੰਡਾਂ ਖੋਲ ਲਿਆਇਆ। ਇਕ ਵਿੱਚ ਪਾਣੀ ਅਤੇ ਦੂਜੀ ਟਿੰਡ ਵਿੱਚ ਗਾਂ ਦਾ ਦੁੱਧ ਚੋ ਲਿਆਇਆ ਤੇ ਦੋਹਾਂ ਟਿੰਡਾਂ ਨੂੰ ਗੁਰੂ ਜੀ ਅੱਗੇ ਰੱਖ ਕੇ ਚਰਨੀ ਢਹਿ ਪਿਆ।

10) ਬੂੜੇ ਦੀ ਸੇਵਾ ਤੋਂ ਖੁਸ਼ ਹੋ ਕਿ ਗੁਰੂ ਜੀ ਨੇ ਉਸ ਨੂੰ ਕੀ ਦਾਤ ਬਖ਼ਸ਼ੀ?

ਉੱਤਰ : ਗੁਰੂ ਜੀ ਨੇ ਬੂੜੇ ਦੀ ਸੇਵਾ ਅਤੇ ਸਿਆਣਪ ਤੋਂ ਖੁਸ਼ ਹੋ ਕੇ ਉਸ ਨੂੰ ਗੁਰਸਿੱਖੀ ਦੀ ਦਾਤ ਬਖ਼ਸ਼ੀ ਅਤੇ ਉਸ ਦਾ ਨਾਂ 'ਬਾਬਾ ਬੁੱਢਾ' ਰੱਖ ਦਿੱਤਾ ਅਤੇ ਕਿਹਾ ਹੇ ਬੁੱਢੇ ਬਾਲਕ ਤੈਨੂੰ ਰੱਬ ਨੇ ਉਚੇ ਕੰਮ ਸੌਂਪੇ ਨੇ! ਤੂੰ ਆਪਣਾ ਧਿਆਨ ਪਰਮੇਸ਼ਰ ਨਾਲ ਜੋੜੀ ਰੱਖੀ।

11) ਬਸੰਤ ਰੁੱਤ ਆਉਣ ਨਾਲ ਪ੍ਰਕਿਰਤੀ (ਕੁਦਰਤ) ਕਿਹੋ ਜਿਹੀ ਹੋ ਜਾਂਦੀ ਹੈ?

ਉੱਤਰ : ਸਾਰੇ ਦਰਖ਼ਤ, ਬੂਟੇ ਹਰਿਆਲੀ ਨਾਲ ਭਰ ਜਾਂਦੇ ਹਨ ਅਤੇ ਟਾਹਣੀਆਂ ਨੂੰ ਨਵੀਆਂ ਕਰੂੰਬਲਾਂ ਫੁੱਟ ਆਉਂਦੀਆਂ ਹਨ। ਸਾਰੇ ਪਾਸੇ ਫੁੱਲ ਖਿੜੇ ਨਜ਼ਰੀ ਪੈਂਦੇ ਹਨ।

12) ਬਸੰਤ ਰੁੱਤ ਵਿੱਚ ਲੋਕੀ ਕਿਵੇਂ ਦੇ ਬਸਤਰ ਪਹਿਨਦੇ ਹਨ ਅਤੇ ਇਸਨੂੰ ਕਿਵੇਂ ਮਨਾਉਂਦੇ ਹਨ?

ਉੱਤਰ : ਇਸ ਦਿਨ ਲੋਕੀ ਪੀਲੇ ਰੰਗ ਦੇ ਬਸਤਰ ਪਹਿਨਦੇ ਹਨ ਅਤੇ ਪੀਲੇ ਰੰਗ ਦੀ ਮਠਿਆਈ ਜਾਂ ਪੀਲੇ ਮਿੱਠੇ ਚਾਵਲ ਬਣਾ ਕੇ ਖ਼ੁਸ਼ੀ ਮਨਾਉਂਦੇ ਹਨ। ਇਸ ਦਿਨ ਬੱਚੇ ਪਤੰਗ ਉਡਾ ਕੇ ਵੀ ਖ਼ੁਸ਼ੀ ਮਨਾਉਂਦੇ ਹਨ।

13) ਕਿਸਾਨ ਖੋਤੇ ਨੂੰ ਸ਼ਹਿਰ ਕਿਉਂ ਲੈ ਕੇ ਗਿਆ?

ਉੱਤਰ : ਕਿਸਾਨ ਖੋਤੇ ਨੂੰ ਇਸ ਲਈ ਸ਼ਹਿਰ ਲੈ ਕੇ ਗਿਆ ਕਿਉਂਕਿ ਉਸ ਨੂੰ ਕੁੱਝ ਪੈਸਿਆਂ ਦੀ ਜਰੂਰਤ ਸੀ ਅਤੇ ਉਹ ਖੋਤੇ ਨੂੰ ਵੇਚ ਕੇ ਪੈਸੇ ਵੱਟਣਾ ਚਾਹੁੰਦਾ ਸੀ ।

14) ਬਜ਼ਾਰ ਵਿੱਚ ਲੋਕਾਂ ਦਾ ਸ਼ੋਰ ਸੁਣ ਕੇ ਖੋਤੇ ਨੂੰ ਕੀ ਹੋਇਆ?

ਉੱਤਰ : ਲੋਕਾਂ ਦਾ ਸ਼ੋਰ ਸੁਣ ਕੇ ਖੋਤਾ ਘਬਰਾ ਗਿਆ। ਜਦੋ ਉਸ ਨੇ ਹਿਲ-ਜੁਲ ਕੀਤੀ ਤਾਂ ਡਾਂਗ ਸਮੇਤ ਖੋਤਾ ਨਦੀ ਵਿੱਚ ਜਾ ਡਿੱਗਾ ਅਤੇ ਨਦੀ ਦੇ ਤੇਜ਼ ਵਹਾ ਵਿੱਚ ਵਹਿ ਗਿਆ।

15) ਲੋਕ- ਖ਼ੇਡ 'ਥਾਲ' ਕਿੱਥੋਂ ਦੀ ਹਰਮਨ ਪਿਆਰੀ ਖ਼ੇਡ ਹੈ ਅਤੇ ਇਸ ਨੂੰ ਕਿਸ ਉਮਰ ਦੇ ਬੱਚੇ ਖ਼ੇਡਦੇ ਹਨ?

ਉੱਤਰ : 'ਥਾਲ' ਖ਼ੇਡ ਪੰਜਾਬ ਦੀ ਹਰਮਨ ਪਿਆਰੀ ਖ਼ੇਡ ਹੈ ਇਸਨੂੰ ਜਵਾਨ ਮੁਟਿਆਰਾਂ ਅਤੇ ਨਵ-ਵਿਆਹੀਆਂ ਮੁਟਿਆਰਾਂ ਰਲ਼ ਮਿਲ ਕੇ ਖ਼ੇਡਦੀਆਂ ਹਨ।

16) 'ਥਾਲ' ਖ਼ੇਡ ਦੇ ਗੀਤਾਂ ਵਿੱਚ ਕਿਹੜੇ ਰਿਸ਼ਤਿਆਂ ਦਾ ਜ਼ਿਕਰ ਹੁੰਦਾ ਹੈ?

ਉੱਤਰ : ਇਸ ਖ਼ੇਡ ਵਿੱਚ ਭੈਣ- ਭਰਾ, ਮਾਂ-ਬਾਪ ਦੇ ਰਿਸ਼ਤਿਆਂ ਦੇ ਪਿਆਰ ਦਾ ਜ਼ਿਕਰ ਹੁੰਦਾ ਹੈ। ਇਸ ਦੇ ਗੀਤਾਂ ਵਿੱਚ ਵੀਰਾਂ ਲਈ ਭੈਣਾ ਦਾ ਡੁੱਲ-ਡੁੱਲ ਪੈਂਦਾ ਪਿਆਰ ਝਲਕਦਾ ਹੈ।

17) ਕੀੜੀ ਦੀ ਕਿਹੜੀ ਗੱਲ ਸਾਨੂੰ ਉਤਸ਼ਾਹ ਅਤੇ ਹੋਸਲਾ ਦਿੰਦੀ ਹੈ?

ਉੱਤਰ :ਕੀੜੀ ਦੀ ਕੰਮ ਕਰਨ ਦੀ ਲਗਨ ਅਤੇ ਉਸਦਾ ਸਾਹਸ ਸਾਨੂੰ ਆਪਣੇ ਕੰਮ ਪ੍ਰਤੀ ਜਿੰਮੇਵਾਰੀ ਅਤੇ ਮਿਹਨਤ ਲਈ ਹੋਸਲਾ ਅਤੇ ਉਤਸ਼ਾਹ ਦਿੰਦਾ ਹੈ।

18) ਗੀਤਾ ਨੇ ਆਪ ਚੂੜੀਆਂ ਕਿਉਂ ਨਹੀਂ ਖਰੀਦੀਆਂ?

ਉੱਤਰ :ਗੀਤਾ ਨੇ ਆਪ ਚੂੜੀਆਂ ਇਸ ਲਈ ਨਹੀਂ ਸੀ ਖਰੀਦੀਆਂ ਕਿਉਂਕਿ ਜਿੰਨੇ ਉਸ ਕੋਲ ਪੈਸੇ ਸਨ ਉਨਾਂ ਦੀਆਂ ਚੂੜੀਆਂ ਸਿਰਫ਼ ਕੁੜੀਆਂ ਲਈ ਹੀ ਖਰੀਦੀਆਂ ਗਈਆਂ ਸਨ ਅਤੇ ਸਾਰੇ ਪੈਸੇ ਖ਼ਰਚ ਹੋ ਗਏ ਸਨ।

19) ਬਜ਼ਾਰ ਗਏ ਬੱਚਿਆਂ ਦੇ ਮਨ ਵਿੱਚ ਕੀ-ਕੀ ਫੁਰਨਾ-ਫੁਰਿਆ?

ਉੱਤਰ :ਬਜ਼ਾਰ ਗਏ ਬੱਚਿਆਂ ਦੇ ਮਨ ਵਿੱਚ ਫੁਰਨਾ ਫੁਰਿਆ ਕਿ ਵੱਡੀ ਦੁਕਾਨ ਤੋਂ ਮਠਿਆਈਆਂ ਲਈਏ ਪ੍ਰੰਤੂ ਦੂਜੇ ਨੇ ਮਨ੍ਹਾ ਕੀਤਾ ਕਿ ਮਠਿਆਈ ਖਾ ਕੇ ਬਿਮਾਰ ਹੋ ਜਈਦਾ ਏ। ਉਹਨਾਂ ਨੇ ਸਲਾਹ ਬਣਾਈ ਕਿ ਜਿਸ ਦਿਨ ਅਸੀਂ ਚੂੜੀਆਂ ਚੜਾਈਆਂ ਉਸ ਦਿਨ ਮੰਮੀ ਨੇ ਨਹੀਂ ਚੜਾਈਆਂ ਇਸ ਲਈ ਉਹ ਅੱਜ ਆਪਣੀ ਮੰਮੀ ਵਾਸਤੇ ਹੀ ਵੰਗਾਂ ਖਰੀਦਣਗੇ।

20) ਭਗਤ ਕਬੀਰ ਜੀ ਦੇ ਜਨਮ ਸਮੇਂ ਸਮਾਜਿਕ ਵਿਵਸਥਾ ਕਿਵੇਂ ਦੀ ਸੀ?

ਉੱਤਰ :ਭਗਤ ਕਬੀਰ ਜੀ ਦੇ ਸਮੇਂ ਸਮਾਜਿਕ ਵਿਵਸਥਾ ਬਹੁਤੀ ਚੰਗੀ ਨਹੀਂ ਸੀ ਉਸ ਸਮੇਂ ਜਾਤਾਂ – ਪਾਤਾਂ ਵਿੱਚ ਵਿਸ਼ਵਾਸ ਕੀਤਾ ਜਾਂਦਾ ਸੀ ਅਤੇ ਨੀਵੀਆਂ ਜਾਤਾਂ ਦੇ ਲੋਕਾਂ ਦਾ ਜੀਵਨ ਬੜਾ ਨਾਮੋਸ਼ੀ ਭਰਿਆ ਸੀ। ਉਨਾਂ ਨੂੰ ਪੜ੍ਹਾਈ ਲਿਖਾਈ ਦੀ ਮਨਾਹੀ ਸੀ ਅਤੇ ਨਾ ਹੀ ਉਹਨਾਂ ਨੂੰ ਕੋਈ ਸਿੱਖਿਆ ਦੇਣ ਨੂੰ ਤਿਆਰ ਸੀ।

21) ਕਾਸ਼ੀ ਅਤੇ ਮਗਹਰ ਸ਼ਹਿਰ ਪ੍ਰਤੀ ਲੋਕਾਂ ਦੇ ਕੀ ਵਿਸ਼ਵਾਸ ਸਨ?

ਉੱਤਰ : ਉਸ ਸਮੇਂ ਲੋਕਾਂ ਵਿੱਚ ਕਾਸ਼ੀ ਪ੍ਰਤੀ ਇਹ ਵਿਸ਼ਵਾਸ ਸੀ ਕਿ ਜਿਸ ਦਾ ਦਿਹਾਂਤ ਕਾਸ਼ੀ ਵਿੱਚ ਹੁੰਦਾ ਹੈ ਉਹ ਵਿਅਕਤੀ ਸਵਰਗ ਨੂੰ ਜਾਂਦਾ ਹੈ ਅਤੇ ਜਿਹੜਾ ਵਿਅਕਤੀ ਮਗਹਰ ਸ਼ਹਿਰ ਵਿੱਚ ਪ੍ਰਾਣ ਤਿਆਗਦਾ ਹੈ ਉਹ ਨਰਕਾ ਵਿੱਚ ਜਾਂਦਾ ਹੈ। ਭਗਤ ਕਬੀਰ ਸਮੁੱਚੀ ਧਰਤੀ ਨੂੰ ਇਕੋ ਜਿਹੀ ਸਮਝਦੇ ਸਨ ਇਸ ਵਿਸ਼ਵਾਸ ਨੂੰ ਤੋੜਨ ਲਈ ਆਪਣੇ ਅੰਤਮ ਸਮੇਂ ਉਹ ਮਗਹਰ ਵਿਖੇ ਗਏ ਅਤੇ ਉਥੇ ਹੀ ਉਹਨਾਂ ਨੇ ਪ੍ਰਾਣ ਤਿਆਗੇ।

22) ਬੁੱਧੂ ਨੂੰ ਡਾਕਟਰ ਨੇ ਜਿੱਤ ਸਬੰਧੀ ਕਿਹੜੀ ਗੱਲ ਸਮਝਾਈ ?

ਉੱਤਰ :ਬੁੱਧੂ ਨੂੰ ਡਾਕਟਰ ਨੇ ਜਿੱਤ ਸਬੰਧੀ ਸਮਝਾਉਂਦੇ ਦੱਸਿਆ ਕਿ ਜਿਹੜੇ ਲੋਕ ਕੰਮ ਵਿੱਚ ਹਮੇਸ਼ਾ ਪਹਿਲ ਕਰਦੇ ਹਨ ਜਿੱਤ ਉਹਨਾਂ ਦੀ ਹੀ ਹੁੰਦੀ ਹੈ। ਆਲਸੀ ਅਤੇ ਹਮੇਸ਼ਾ ਦੁਖੀ ਰਹਿਣ ਵਾਲ਼ੇ ਲੋਕਾਂ ਨੂੰ ਹਾਰ ਹੀ ਨਸੀਬ ਹੁੰਦੀ ਹੈ।

23) ਆਲੋਕ ਇਕਬਾਲ ਤੋਂ ਸਕੂਲ ਦਾ ਕੰਮ ਪੁੱਛ ਕੇ ਇੱਕ ਦਮ ਆਪਣੇ ਘਰ ਵਾਪਿਸ ਕਿਉਂ ਚਲਾ ਗਿਆ?

ਉੱਤਰ : ਆਲੋਕ ਜਲਦੀ ਨਾਲ ਆਪਣੇ ਘਰ ਇਸ ਲਈ ਵਾਪਿਸ ਚਲਾ ਗਿਆ ਕਿਉਂਕਿ ਉਸ ਦੇ ਕਮਰੇ ਦੀ ਖਿੜਕੀ ਵਿੱਚੋ ਰੋਸ਼ਨੀ ਇਕਬਾਲ ਦੇ ਵਿਹੜੇ ਵਿੱਚ ਜਾਂਦੀ ਸੀ ਜੋ ਅੱਖਾਂ ਵਿੱਚ ਪੈਕੇ ਨੀਂਦ ਖਰਾਬ ਕਰਦੀ ਸੀ। ਉਸਨੇ ਘਰ ਜਾ ਕੇ ਖਿੜਕੀ ਮੂਹਰੇ ਪਰਦਾ ਤਾਣ ਦਿੱਤਾ ਤਾਂ ਕਿ ਕਿਸੇ ਦੀ ਨੀਂਦ ਖਰਾਬ ਨਾ ਹੋਵੇ।

24) ਆਲੋਕ ਨੂੰ ਕਿਸ ਗੱਲ ਦਾ ਪਛਤਾਵਾ ਸੀ?

ਉੱਤਰ : ਆਲੋਕ ਨੂੰ ਇਸ ਗੱਲ ਦਾ ਪਛਤਾਵਾ ਸੀ ਕਿ ਉਸਦੇ ਕਮਰੇ ਦੀ ਬੱਤੀ ਬੇਲੋੜੀ ਜਗ ਰਹੀ ਸੀ ਅਤੇ ਜੋ ਇਕਬਾਲ ਲਈ ਪਰੇਸ਼ਾਨੀ ਦਾ ਕਾਰਨ ਬਣ ਰਹੀ ਸੀ।

25) ਸ. ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਕਿਹੜਾ ਮਾਣ ਪ੍ਰਾਪਤ ਹੈ?

ਉੱਤਰ : ਅੰਗਰੇਜੀ ਹਕੂਮਤ ਦੇ ਜ਼ੁਲਮ ਵਿਰੁੱਧ ਸੰਘਰਸ ਕਰਦਿਆਂ ਸ. ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੇ ਇਕੱਠਿਆਂ ਹੀ ਫਾਂਸੀ ਦਾ ਰੱਸਾ ਚੁੰਮਿਆ ਅਤੇ ਤਿੰਨਾਂ ਨੂੰ ਕੌਮੀ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੈ।

26) ਤਿੰਨੇ ਇਨਕਲਾਬੀਆਂ ਨੇ ਕਿਸ ਤੋਂ ਬਦਲਾ ਲੈਣ ਦਾ ਫ਼ੈਸਲਾ ਕੀਤਾ?

ਉੱਤਰ : ਸ. ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੇ ਲਾਲਾ ਲਾਜਪਤ ਰਾਏ ਜੀ ਦੀ ਮੌਤ ਦੇ ਮੁੱਖ ਦੋਸ਼ੀ ਐਸ.ਐਸ.ਪੀ ਸਕਾਟ ਤੋਂ ਬਦਲਾ ਲੈਣ ਦਾ ਫ਼ੈਸਲਾ ਕੀਤਾ।

27) ਕਵੀ ਨੇ ਮੇਲੇ ਦਾ ਦ੍ਰਿਸ਼ ਕਿਸ ਤਰ੍ਹਾਂ ਦਾ ਪੇਸ਼ ਕੀਤਾ ਹੈ?

ਉੱਤਰ : ਕਵੀ ਅਨੁਸਾਰ ਵਿਸਾਖ਼ੀ ਦੇ ਮੇਲੇ ਵਿੱਚ ਭੀੜ ਬਹੁਤ ਜਿਆਦਾ ਹੈ ਅਤੇ ਪੈਰ ਧਰਨ ਦੀ ਵੀ ਥਾਂ ਨਹੀ ਹੈ। ਮੇਲੇ ਵਿੱਚ ਮਠੀਆਈਆਂ ਅਤੇ ਖਿਡੌਣਿਆਂ ਦੀਆਂ ਹੱਟੀਆਂ ਲੱਗੀਆਂ ਹੋਈਆਂ ਹਨ, ਬੱਚੇ ਅਤੇ ਬਜੁਰਗ ਖ਼ੁਸ਼ ਹਨ ਅਤੇ ਚਾਰੇ ਪਾਸੇ ਸੀਟੀਆਂ ਸਪੀਕਰਾਂ ਦਾ ਸ਼ੋਰ ਸੁਣਾਈ ਦੇ ਰਿਹਾ ਹੈ।

28) ਕਵੀ ਅਨੁਸਾਰ ਕਿਹੜੇ ਲੋਕ ਮੇਲਿਆਂ ਦੀ ਸੈਰ ਕਰ ਸਕਦੇ ਹਨ?

ਉੱਤਰ : ਕਵੀ ਅਨੁਸਾਰ ਜਿਹੜੇ ਲੋਕੀ ਧੁੱਪ, ਧੂੜ ਅਤੇ ਧੱਕਿਆਂ ਨੂੰ ਬਰਦਾਸਤ ਕਰ ਸਕਦੇ ਹਨ ਉਹ ਲੋਕ ਹੀ ਮੇਲਿਆਂ ਨੂੰ ਮਾਣ ਸਕਦੇ ਹਨ।

29) ਇੱਕ ਦਿਨ ਬੱਚਿਆਂ ਨੇ ਕੀ ਵੇਖਿਆ?

ਉੱਤਰ : ਇੱਕ ਦਿਨ ਬੱਚਿਆਂ ਨੇ ਵੇਖਿਆ ਕਿ ਝੀਲ ਮਰ ਰਹੀ ਹੈ। ਉਸ ਦਾ ਪਾਣੀ ਲਗਾਤਾਰ ਘੱਟ ਰਿਹਾ ਹੈ ਅਤੇ ਪੰਛੀ ਵੀ ਉਥੇ ਆਉਣੋਂ ਹਟ ਗਏ ਸਨ। ਹੁਣ ਉਹ ਝੀਲ ਵਿੱਚ ਕਿਸ਼ਤੀਆਂ ਨਹੀ ਚਲਾ ਸਕਦੇ ਸਨ ਅਤੇ ਉਹ ਬਹੁਤ ਉਦਾਸ ਹੋ ਗਏ ਸਨ।

30) ਆਪਣੀ ਗਲ਼ਤੀ ਦਾ ਅਹਿਸਾਸ ਹੋਣ ਤੇ ਮਨੁੱਖ ਨੇ ਪੰਛੀਆਂ ਅਤੇ ਜਾਨਵਰਾਂ ਨੂੰ ਕੀ ਆਖਿਆ?

ਉੱਤਰ : ਮਨੁੱਖ ਨੇ ਆਪਣੀ ਗਲ਼ਤੀ ਦਾ ਅਹਿਸਾਸ ਕਰਦਿਆਂ ਪੰਛੀਆਂ ਅਤੇ ਜਾਨਵਰਾਂ ਤੋਂ ਰੁੱਖ ਕੱਟਣ ਲਈ ਮੁਆਫ਼ੀ ਮੰਗੀ। ਫਿਰ ਉਸਨੇ ਬਾਕੀ ਮਨੁੱਖਾਂ ਨੂੰ ਨਾਲ਼ ਲੈਕੇ ਰੁੱਖ ਲਾਉਣੇ ਸ਼ੁਰੂ ਕੀਤੇ ਅਤੇ ਰੁੱਖਾਂ ਦੀ ਰਾਖੀ ਦਾ ਵੀ ਵਾਅਦਾ ਕੀਤਾ।

31) ਸੜਕਾਂ ਦੇ ਜਾਲ਼ ਵਿਛਣ ਕਾਰਨ ਪਿੰਡਾਂ ਅਤੇ ਸ਼ਹਿਰਾ ਤੇ ਕੀ ਅਸਰ ਪਿਆ ਹੈ?

ਉੱਤਰ : ਸੜਕਾਂ ਦਾ ਜਾਲ਼ ਵਿਛਣ ਕਾਰਨ ਆਵਾਜਾਈ ਵਿੱਚ ਵਾਧਾ ਹੋਇਆ ਹੈ। ਹਰ ਪਿੰਡ ਸ਼ਹਿਰ ਨਾਲ ਜੁੜ ਗਿਆ ਹੈ। ਪੈਦਲ ਚੱਲਣ ਅਤੇ ਪਸ਼ੂਆਂ ਦੀ ਸਵਾਰੀ ਦਾ ਰਿਵਾਜ਼ ਘਟ ਗਿਆ ਹੈ। ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਨੂੰ ਜਾਂਦੀਆਂ ਸੜਕਾਂ ਉੱਤੇ ਵੀ ਆਵਾਜਾਈ ਵਧਣ ਲਗ ਪਈ ਹੈ।

32) ਸੜਕ ਉੱਤੇ ਚੱਲਣ ਸਮੇਂ ਕਿਹੜੀਆਂ-ਕਿਹੜੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ?

ਉੱਤਰ : ਸੜਕ ਤੇ ਚੱਲਣ ਸਮੇਂ ਸਾਨੂੰ ਹਮੇਸ਼ਾ ਖੱਬੇ ਹੱਥ ਚੱਲਣਾ ਚਾਹੀਦਾ ਹੈ। ਸੜਕ ਪਾਰ ਕਰਨ ਸਮੇਂ ਪਹਿਲਾਂ ਸੱਜੇ ਫਿਰ ਖੱਬੇ ਪਾਸੇ ਦੇਖਣਾ ਚਾਹੀਦਾ ਹੈ। ਕਿਸੇ ਤਰ੍ਹਾਂ ਦੀ ਕਾਹਲ ਨਹੀਂ ਕਰਨੀ ਚਾਹੀਦੀ ਹਮੇਸ਼ਾਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

33) ਯੁਧਿਸ਼ਟਰ ਨੇ ਜਦੋ ਗੈਬੀ ਸ਼ਕਤੀ ਨੂੰ ਪੁੱਛਿਆ ਕਿ ਉਹ ਕੌਣ ਹੈ ਤਾਂ ਕੀ ਜਵਾਬ ਮਿਲੀਆ?

ਉੱਤਰ : ਗੈਬੀ ਸ਼ਕਤੀ ਨੇ ਕਿਹਾ, ''ਮੈਂ ਤੁਹਾਡਾ ਪਿਤਾ ਧਰਮ ਰਾਜ ਹਾਂ। ਮੈਂ ਤਾਂ ਤੇਰਾ ਇਮਤਿਹਾਨ ਲੈਣ ਆਇਆ ਸੀ। ਤੂੰ ਇਸ ਵਿੱਚੋਂ ਪਾਸ ਹੋ ਗਿਆ ਹੈ।''

34) ਜਦੋ ਗੈਬੀ ਸ਼ਕਤੀ ਯੁਧਿਸ਼ਟਰ ਦੇ ਜਵਾਬ ਤੋਂ ਖੁਸ਼ ਹੋਈ ਤਾਂ ਉਸਨੇ ਕੀ ਕਿਹਾ?

ਉੱਤਰ : ਗੈਬੀ ਸ਼ਕਤੀ ਜਦੋ ਯੁਧਿਸ਼ਟਰ ਦੇ ਜਵਾਬ ਤੋਂ ਖੁਸ਼ ਹੋਈ ਤਾਂ ਉਸਨੇ ਕਿਹਾ ਕਿ ਤੂੰ ਚਹੁੰਆਂ ਭਰਾਵਾਂ ਵਿੱਚੋਂ ਕਿਸੇ ਇਕ ਨੂੰ ਜਿਉਂਦਾ ਵਾਪਸ ਲੈ ਸਕਦਾ ਹੈ।

35) ਰਾਣੋ ਦੇ ਪਿੰਡਾਂ ਬਾਰੇ ਕੀ ਸੋਚ ਸੀ?

ਉੱਤਰ : ਰਾਣੋ ਅਨੁਸਾਰ ਪਿੰਡ ਹੁਣ ਤਰੱਕੀਆਂ ਦੀਆਂ ਰਾਹਾਂ ਤੇ ਹਨ ਅਤੇ ਪਿੰਡਾਂ ਵਿੱਚ ਸੜਕਾਂ ਦੇ ਜਾਲ਼ ਵਿਛ ਗਏ ਹਨ ਅਤੇ ਪਿੰਡਾਂ ਦਾ ਵਾਤਾਵਰਣ ਬਹੁਤ ਸਾਂਤ ਅਤੇ ਸਾਫ਼ - ਸੁਥਰਾ ਹੁੰਦਾ ਹੈ।

36) ਪਿੰਡ ਪਹੁੰਚਣ ਤੇ ਦੀਪ ਦੇ ਪਰਿਵਾਰ ਦਾ ਸੁਆਗਤ ਕਿਵੇਂ ਹੋਇਆ?

ਉੱਤਰ : ਪਿੰਡ ਪਹੁੰਚਣ ਤੇ ਸਾਰੇ ਗੁਆਂਢੀ ਇਕੱਠੇ ਹੋ ਗਏ ਅਤੇ ਉਹਨਾਂ ਨੇ ਦੀਪ ਨੂੰ ਪਿਆਰ ਦਿੱਤਾ। ਦੀਪ ਦੇ ਦਾਦਾ ਦਾਦੀ, ਤਾਇਆ ਤਾਈ ਅਤੇ ਉਹਨਾਂ ਦੇ ਬੱਚੇ ਬਹੁਤ ਖ਼ੁਸ਼ ਹੋਏ।

37) ਚੱਲਦੀ ਬਸ ਅਚਾਨਕ ਕਿਉਂ ਰੁਕ ਗਈ ਸੀ?

ਉੱਤਰ : ਟਿਕਟ - ਚੈੱਕਰ ਦੇ ਇਸ਼ਾਰੇ ਕਾਰਨ ਚੱਲਦੀ ਬੱਸ ਰੁਕ ਗਈ ਸੀ। ਟਿਕਟ - ਚੈੱਕਰ ਨੇ ਕੰਡਕਟਰ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਅਕਾਲ ਚਲਾਣੇ ਦੀ ਸੂਚਨਾਂ ਦਿੱਤੀ ਸੀ।

38) ਪੰਡਤ ਜੀ ਦੀ ਲੋਕਪ੍ਰਿਅਤਾ ਦਾ ਕਿਥੋਂ ਪਤਾ ਲੱਗਦਾ ਹੈ?

ਉੱਤਰ :ਜਵਾਹਰ ਲਾਲ ਨਹਿਰੂ ਜੀ ਦੇ ਅਕਾਲ ਚਲਾਣੇ ਤੇ ਸਮੁੱਚਾ ਭਾਰਤ ਵਰਸ਼ ਸੋਗ ਵਿੱਚ ਡੁੱਬ ਗਿਆ ਸੀ। ਹਿੰਦੂ, ਮੁਸਲਿਮ, ਸਿੱਖ ਅਤੇ ਇਸਾਈ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ। ਹਰ ਕੋਈ ਉਨ੍ਹਾਂ ਦਾ ਸਤਿਕਾਰ ਕਰਦਾ ਸੀ।

39) ਅਜਿੰਦਰ ਕੌਰ ਨੂੰ ਖੇਡਾਂ ਦਾ ਸ਼ੌਕ ਕਿੱਥੋਂ ਪੈਦਾ ਹੋਇਆ?

ਉੱਤਰ : ਅਜਿੰਦਰ ਕੌਰ ਜਦੋਂ ਲੜਕਿਆਂ ਨੂੰ ਥਾਂ-ਥਾਂ ਹਾਕੀ ਖੇਡਦਿਆਂ ਦੇਖਦੀ ਤਾਂ ਉਸਦੇ ਦਿਲ ਵਿੱਚ ਹਾਕੀ ਖੇਡਣ ਦੀ ਇੱਛਾ ਪੈਦਾ ਹੋਈ। ਉਹ ਨੌਵੀਂ ਕਲਾਸ ਵਿੱਚ ਪੜ੍ਹਦੀ ਸੀ ਜਦੋਂ ਪ੍ਰਸਿੱਧ ਹਾਕੀ ਕੋਚ ਗੁਰਚਰਨ ਸਿੰਘ ਬੋਧੀ ਦੇ ਸੰਪਰਕ ਵਿੱਚ ਆਈ ਤੇ ਉਸ ਨੇ ਇਸ ਤੋਂ ਬਾਅਦ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ ਅਤੇ ਇਕ ਨਾਮਵਰ ਖਿਡਾਰਨ ਬਣੀ।

40) ਅਜਿੰਦਰ ਕੌਰ ਲਈ ਯਾਦਗਾਰੀ ਪਲ਼ ਕਿਹੜੇ ਹਨ?

ਉੱਤਰ : ਅਜਿੰਦਰ ਲਈ ਉਹ ਪਲ ਸਭ ਤੋਂ ਵੱਧ ਯਾਦਗਾਰੀ ਸਨ ਜਦੋਂ ਉਸ ਨੇ 1976 ਈ: ਵਿੱਚ ਮਦਰਾਸ ਵਿਖੇ 'ਬੇਗਮ ਰਸੂਲ ਟਰਾਫੀ' ਨਾਮ ਦਾ ਇੱਕ ਅੰਤਰ- ਰਾਸ਼ਟਰੀ ਟੂਰਨਾਮੈਂਟ ਖੇਡਿਆ।

41) ਗੁਰੂ ਗੋਬਿੰਦ ਸਿੰਘ ਜੀ ਕੋਲ ਭਾਈ ਘਨੱਈਆ ਦੀਆਂ ਕਿਹੜੀਆਂ ਸ਼ਿਕਾਇਤਾਂ ਪਹੁੰਚੀਆਂ ?

ਉੱਤਰ : ਗੁਰੂ ਗੋਬਿੰਦ ਸਿੰਘ ਜੀ ਕੋਲ ਭਾਈ ਘਨੱਈਏ ਦੀ ਸ਼ਿਕਾਇਤ ਆਈ ਕਿ ਉਹ ਭੰਗਾਣੀ ਦੇ ਯੁੱਧ ਵਿੱਚ ਦੁਸ਼ਮਣ ਸਿਪਾਹੀਆਂ ਦੇ ਜਖ਼ਮਾਂ ਉੱਤੇ ਪੱਟੀਆਂ ਬੰਨਦੇ ਹਨ ਅਤੇ ਉਹਨਾਂ ਨੂੰ ਪਾਣੀ ਵੀ ਪਿਆਉਂਦੇ ਹਨ।

42) ਭਾਈ ਘਨੱਈਆ ਜੀ ਨੇ ਆਪਣੀ ਸ਼ਿਕਾਇਤ ਸਬੰਧੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਿਮਰਤਾ ਸਹਿਤ ਕੀ ਉੱਤਰ ਦਿੱਤਾ?

ਉੱਤਰ : ਭਾਈ ਘਨੱਈਆ ਜੀ ਨੇ ਦੋਵੇਂ ਹੱਥ ਜੋੜ ਕੇ ਨਿਮਰਤਾ ਨਾਲ ਉੱਤਰ ਦਿੰਦਿਆ ਕਿਹਾ ''ਸੱਚੇ ਪਾਤਸ਼ਾਹ! ਮੈਂ ਜਿਸ ਨੂੰ ਵੀ ਪਿਆਇਆ ਹੈ ਉਹਨਾਂ ਵਿੱਚੋਂ ਮੈਨੂੰ ਕੋਈ ਵੀ ਦੁਸ਼ਮਣ ਦਿਖਾਈ ਨਹੀਂ ਦਿੱਤਾ। ਉਹ ਸਭ ਰੱਬ ਦੇ ਬੰਦੇ ਸਨ ਅਤੇ ਲੋੜਵੰਦ ਸਨ। ਤੁਸਾਂ ਹੀ ਤਾਂ ਆਖਿਆ ਸੀ ਕਿ ਮੈਂ ਲੜਾਈ ਵਿੱਚ ਲੋੜਵੰਦਾਂ ਨੂੰ ਪਾਣੀ ਪਿਆਵਾ। ਮੈਨੂੰ ਤਾਂ ਸਗੋ ਉਨਾਂ ਵਿੱਚ ਤੁਹਾਡਾ ਅਕਸ਼ ਹੀ ਦਿਸਦਾ ਰਿਹਾ ਹੈ।''

43) ਬਚਪਨ ਵਿੱਚ ਕਿਹੜੀ ਗੱਲ ਦਾ ਅਬੇਦਕਰ ਜੀ ਦੇ ਮਨ ਤੇ ਗਹਿਰਾ ਅਸਰ ਹੋਇਆ?

ਉੱਤਰ : ਅੰਬੇਦਕਰ ਜੀ ਦੇ ਮਾਤਾ ਦੇ ਅਕਾਲ ਚਲਾਣੇ ਤੋਂ ਬਾਅਦ ਉਦਾਸ ਰਹਿਣ ਲੱਗੇ ਅਤੇ ਸਕੂਲ ਤੋਂ ਬਾਅਦ ਆਪਣਾ ਬੈਗ ਘਰ ਰੱਖ ਕੇ ਘਰ ਤੋਂ ਬਾਹਰ ਚਲੇ ਜਾਂਦੇ ਸਨ। ਇੱਕ ਦਿਨ ਉਹਨਾਂ ਦੇ ਵੱਡੇ ਭਰਾ ਆਨੰਦ ਰਾਉ ਨੇ ਕਿਹਾ 'ਭੀਮ ਮਾਂ ਪੜ੍ਹਾ -ਲਿਖਾ ਕੇ ਤੇਨੂੰ ਵੱਡਾ ਅਫ਼ਸਰ ਬਣਾਉਣਾ ਚਾਹੁੰਦੀ ਸੀ।' ਵੱਡੇ ਭਰਾ ਦੀ ਗੱਲ ਭੀਮ ਦੇ ਮਨ ਨੂੰ ਲੱਗੀ ਉਸ ਦਿਨ ਤੋਂ ਬਾਅਦ ਉਹ ਦਿਲ ਲਾ ਕੇ ਪੜ੍ਹਾਈ ਕਰਨ ਲੱਗੇ। ਇਸ ਗੱਲ ਦਾ ਉਹਨਾਂ ਦੇ ਮਨ ਤੇ ਗਹਿਰਾ ਅਸਰ ਹੋਇਆ ਸੀ।

44) ਡਾ. ਭੀਮ ਰਾਉ ਅੰਬੇਦਕਰ ਨੂੰ ਕਿਹੜੇ ਭੇਦ-ਭਾਵ ਦਾ ਸਾਹਮਣਾ ਕਰਨਾ ਪਿਆ?

ਉੱਤਰ : ਅੰਬੇਦਕਰ ਜੀ ਦੇ ਸਮੇਂ ਦੇ ਸਮਾਜ ਵਿੱਚ ਜਾਤੀ ਭੇਦ-ਭਾਵ ਕਾਰਨ ਛੂਤ-ਛਾਤ ਕੀਤੀ ਜਾਂਦੀ ਸੀ। ਛੋਟੇ ਹੁੰਦਿਆਂ ਹੀ ਉਹਨਾਂ ਨੂੰ ਇਹਨਾਂ ਕੁਰੀਤੀਆਂ ਦਾ ਸਾਹਮਣਾ ਕਰਨਾ ਪਿਆ। ਸਕੂਲ ਵਿੱਚ ਉਹਨਾਂ ਨੂੰ ਸੰਸਕ੍ਰਿਤ ਪੜ੍ਹਨ ਤੋਂ ਮਨਾਂ ਕਰ ਦਿੱਤਾ ਗਿਆ। ਇਹਨਾਂ ਗੱਲਾਂ ਦਾ ਉਹਨਾਂ ਦੇ ਬਾਲ- ਮਨ ਤੇ ਡੂੰਘਾ ਅਸਰ ਹੋਇਆ।

45) ਤਿੱਤਲੀ ਅਤੇ ਭੌਰੇ ਲਈ ਫੁੱਲ ਕੀ ਇੱਛਾ ਕਰਦਾ ਹੈ?

ਉੱਤਰ : ਫੁੱਲ ਤਿੱਤਲੀ ਅਤੇ ਭੌਰੇ ਲਈ ਇਹ ਇੱਛਾ ਕਰਦਾ ਹੈ ਕਿ ਇਹ ਦੋਵੇਂ ਹੱਸਦੇ- ਵਸਦੇ ਰਹਿਣ ਅਤੇ ਇਹਨਾਂ ਦੋਵਾਂ ਨਾਲ ਹੀ ਮੇਰੀ ਗੁਲਜ਼ਾਰ ਬਣੀ ਰਹੇ।

46) ਮੰਜ਼ਲਾ ਕੌਣ ਹਾਸਿਲ ਕਰਦੇ ਹਨ?

ਉੱਤਰ : ਕਵੀ ਅਨੁਸਾਰ ਮੰਜ਼ਲਾ ਉਹੀ ਪ੍ਰਾਪਤ ਕਰਦੇ ਹਨ ਜਿਹੜੇ ਹਮੇਸ਼ਾਂ ਨਿਰੰਤਰ ਤੋਰ ਅੱਗੇ ਚੱਲਦੇ ਰਹਿੰਦੇ ਹਨ ਅਤੇ ਰੁਕਾਵਟਾਂ ਨੂੰ ਦੂਰ ਕਰਕੇ ਹਮੇਸ਼ਾ ਅੱਗੇ ਵੱਧਦੇ ਰਹਿੰਦੇ ਹਨ।

*****

## ਪੰਜ ਅੰਕਾਂ ਵਾਲੇ ਪ੍ਰਸ਼ਨ

1) ਤਿਰੰਗੇ ਦੇ ਝੰਡੇ ਦੇ ਤਿੰਨੇ ਰੰਗਾਂ ਅਤੇ ਅਸ਼ੋਕ ਚੱਕਰ ਦੀ ਮਹੱਤਤਾ ਦਾ ਵਰਨਣ ਕਰੋ?

ਉੱਤਰ) ਤਿਰੰਗੇ ਦੇ ਤਿੰਨ ਰੰਗ ਭਾਰਤੀਆਂ ਅਤੇ ਸਾਰੇ ਧਰਮਾਂ ਦੀ ਸਾਂਝੀਵਾਲਤਾ ਅਤੇ ਏਕਤਾ ਦੇ ਪ੍ਰਤੀਕ ਹਨ। ਅਸ਼ੋਕ ਚੱਕਰ ਵਿਕਾਸ ਅਤੇ ਉੱਨਤੀ ਦਾ ਪ੍ਰਤੀਕ ਹੈ।

2) ਪੂਦਨੇ ਦੀ ਗੱਲ ਇਲਾਚੀ, ਜਵੈਣ, ਅੰਬਚੂਰ ਅਤੇ ਅਨਾਰਦਾਣੇ ਨੇ ਕੀ ਵਚਨ ਦਿੱਤਾ?

ਉੱਤਰ : ਪੂਦਨੇ ਦੀ ਗੱਲ ਇਲਾਚੀ, ਜਵੈਣ, ਅੰਬਚੂਰ ਅਤੇ ਅਨਾਰਦਾਣੇ ਨੇ ਵਚਨ ਦਿੱਤਾ ਕਿ ਅੱਗੇ ਤੋਂ ਉਹ ਸਾਰੇ ਰਲ਼ ਕੇ ਅਤੇ ਸਾਥੀ ਬਣ ਕੇ ਰਹਿਣਗੇ ਅਤੇ ਕਦੇ ਵੀ ਨਹੀਂ ਝਗੜਨਗੇ।

3) ਮਹਾਤਮਾ ਗਾਂਧੀ ਜੀ ਦੇ ਤਿੰਨ ਬਾਂਦਰ ਕੀ ਸਿੱਖਿਆ ਦਿੰਦੇ ਹਨ?

ਉੱਤਰ : ਮਹਾਤਮਾ ਗਾਂਧੀ ਜੀ ਦੇ ਤਿੰਨੋਂ ਬਾਂਦਰ ਵੱਖ-ਵੱਖ ਸਿੱਖਿਆ ਦਿੰਦੇ ਹਨ। ਜਿਵੇਂ ਇੱਕ ਬਾਂਦਰ ਨੇ ਅੱਖਾਂ ਉੱਤੇ ਹੱਥ ਰੱਖਿਆ ਹੋਇਆ ਹੈ ਜਿਸਦਾ ਅਰਥ ਹੈ 'ਬੁਰਾ ਮਤ ਦੇਖੋ'। ਦੂਜੇ ਬਾਂਦਰ ਨੇ ਮੂੰਹ ਤੇ ਹੱਥ ਰੱਖਿਆ ਹੋਇਆ ਹੈ ਜਿਸਦਾ ਅਰਥ ਹੈ 'ਬੁਰਾ ਨਾ ਬੋਲੋ'। ਇਸੇ ਤਰਾਂ ਤੀਜੇ ਬਾਂਦਰ ਨੇ ਕੰਨਾਂ ਉੱਤੇ ਹੱਥ ਰੱਖਿਆ ਹੋਇਆ ਹੈ ਜਿਸਦਾ ਅਰਥ ਹੈ 'ਬੁਰਾ ਨਾ ਸੁਣੋ'।

4) ਪੰਜਾਬ ਦੇ ਗੱਭਰੂ, ਮੁਟਿਆਰਾਂ, ਮੇਲਿਆਂ ਅਤੇ ਦਰਿਆਵਾ ਬਾਰੇ ਦੋ-ਦੋ ਸਤਰਾਂ ਲਿਖੋ?

ਉੱਤਰ : ਪੰਜਾਬ ਦੇ ਗੱਭਰੂ ਅਤੇ ਮੁਟਿਆਰਾਂ ਸੋਹਣੇ ਉੱਚੇ ਲੰਮੇ ਅਤੇ ਤਾਕਤਵਰ ਹਨ। ਉਹ ਕਿਸੇ ਦੀ ਆਕੜ ਨਹੀਂ ਝਲਦੇ ਅਤੇ ਪਿਆਰ ਦੇ ਪੁਜਾਰੀ ਹਨ। ਪੰਜਾਬ ਦੇ ਦਰਿਆ ਪੰਜਾਬ ਦੀ ਖੁਸ਼ਹਾਲੀ ਦਾ ਆਧਾਰ ਹਨ। ਸਾਰਾ ਪੰਜਾਬ ਇਹਨਾਂ ਕਾਰਨ ਹੀ ਹਰਿਆ ਭਰਿਆ ਹੈ।

5) ਮਾਸਟਰ ਜੀ ਨੇ ਬਾਬਾ ਜੀ ਨੂੰ ਪਲਾਸਟਿਕ ਦੇ ਲਿਫਾਫ਼ਿਆਂ ਬਾਰੇ ਕੀ ਸਮਝਾਇਆ?

ਉੱਤਰ) ਮਾਸਟਰ ਜੀ ਨੇ ਬਾਬਾ ਜੀ ਨੂੰ ਦੱਸਿਆ ਕਿ ਪਲਾਸਟਿਕ ਦੇ ਲਿਫ਼ਾਫ਼ੇ ਸਾਡੇ ਵਾਤਾਵਰਣ ਨੂੰ ਦੂਸ਼ਿਤ ਕਰਦੇ ਹਨ। ਇਹ ਨਾ ਹੀ ਗਲ਼ਦੇ ਅਤੇ ਨਾ ਹੀ ਸੜਦੇ ਹਨ। ਇਨ੍ਹਾਂ ਕਾਰਨ ਹੀ ਨਾਲ਼ੀਆਂ ਵਿੱਚ ਗੰਦਾ ਪਾਣੀ ਜਮ੍ਹਾਂ ਹੋ ਜਾਂਦਾ ਹੈ। ਜਿਹੜਾ ਰੁਕ ਕੇ ਬਦਬੂ ਮਾਰਨ ਲੱਗਦਾ ਹੈ ਅਤੇ ਇਸ ਕਾਰਨ ਹੀ ਕਈ ਬਿਮਾਰੀਆਂ ਜਨਮ ਲੈਂਦੀਆਂ ਹਨ।

6) ਮਾਤਾ ਗੰਗਾ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਕੀ ਵਿਥਿਆ ਸੁਣਾਈ?

ਉੱਤਰ : ਮਾਤਾ ਗੰਗਾ ਜੀ ਨੇ ਗੁਰੂ ਜੀ ਨੂੰ ਦੱਸਿਆ ਕਿ ਜਦੋਂ ਉਹ ਦੁੱਧ, ਮੱਖਣ ਅਤੇ ਕਈ ਹੋਰ ਚੀਜ਼ਾਂ ਆਪਣੇ ਨੌਕਰਾਣੀਆਂ ਨੂੰ ਨਾਲ ਲੈ ਕੇ ਰੱਥ ਵਿੱਚ ਸ਼ਾਨੋਂ ਸ਼ੋਕਤ ਨਾਲ ਸਵਾਰ ਹੋ ਕੇ ਬਾਬਾ ਬੁੱਢਾ ਜੀ ਵੱਲ ਜਾ ਰਹੇ ਸਨ। ਕੁਟੀਆ ਕੋਲ਼ ਰੱਥ ਨਾਲ ਧੂੜ ਉੜਦੀ ਵੇਖ ਕੇ ਬਾਬਾ ਬੁਢਾ ਜੀ ਬੋਲੇ, 'ਅੱਜ ਗੁਰੂ ਦੇ ਮਹਿਲਾਂ ਨੂੰ ਕੀ ਭਾਜੜ ਪਈ ਹੈ?' ਅਤੇ ਉਹ ਨਿਰਾਸ਼ ਹੋ ਕੇ ਵਾਪਸ ਪਰਤ ਆਏ।

7) ਬਸੰਤ ਰੁੱਤ ਕਾਰਨ ਪ੍ਰਕਿਰਤੀ ਵਿੱਚ ਕੀ ਪਰਿਵਰਤਨ ਆਉਂਦਾ ਹੈ?

ਉੱਤਰ) ਬਸੰਤ ਰੁੱਤ ਆਉਣ ਤੇ ਸਰਦੀ ਦਾ ਮੌਸਮ ਖਤਮ ਹੋ ਜਾਂਦਾ ਹੈ। ਕੋਰੇ ਅਤੇ ਧੁੰਦ ਨਾਲ ਮਰੇ ਹੋਏ ਪੱਤੇ ਥਲੇ ਡਿੱਗ ਪੈਂਦੇ ਹਨ। ਬਸੰਤ ਆਉਣ ਕਾਰਨ ਦਰਖ਼ਤਾਂ ਦੀਆਂ ਖਾਲੀ ਟਾਹਣੀਆਂ ਉੱਤੇ ਪੱਤੇ ਪੁੰਗਰਣ ਲੱਗ ਪੈਂਦੇ ਹਨ। ਹਰ ਪਾਸੇ ਫੁੱਲ ਖਿੜੇ ਹੋਏ ਨਜ਼ਰ ਆਉਂਦੇ ਹਨ। ਭੋਰੇ, ਤਿੱਤਲੀਆਂ ਅਤੇ ਪੰਛੀ ਖੁਸ਼ੀ ਦੇ ਆਲਮ ਵਿੱਚ ਹੁੰਦੇ ਹਨ।

8) 'ਗੱਲਾਂ ਵਿੱਚ ਆਇਆ ਆਪਣਾ ਆਪ ਗੁਆਇਆ' ਕਹਾਣੀ ਵਿੱਚੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ਉੱਤਰ : ਕਹਾਣੀ ਦੇ ਅੰਤ ਵਿੱਚ ਕਿਸਾਨ ਆਪਣਾ ਸਿਰ ਫੜ ਕੇ ਬੈਠ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਰਾਹ ਜਾਂਦੇ ਲੋਕਾਂ ਨੂੰ ਖੁਸ਼ ਕਰਨ ਲਈ ਯਤਨ ਕਰਦਾ ਰਿਹਾ ਅਤੇ ਕਿਸੇ ਨੂੰ ਵੀ ਖੁਸ਼ ਨਹੀਂ ਕਰ ਸਕਿਆ ਉਲਟਾ ਮੇਰਾ ਆਪਣਾ ਹੀ ਨੁਕਸਾਨ ਹੋ ਗਿਆ ਹੈ। ਚੰਗਾ ਹੁੰਦਾ ਜੇ ਮੈ ਲੋਕਾਂ ਦੀ ਗੱਲਾਂ ਵਿੱਚ ਨਾ ਆਉਂਦਾ ਅਤੇ ਆਪਣੇ ਦਿਮਾਗ ਦੀ ਵਰਤੋਂ ਆਪਣੀ ਮਰਜੀ ਨਾਲ ਕਰਦਾ। ਉਪਰੋਕਤ ਘਟਨਾ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਹਰ ਕੰਮ ਆਪਣੀ ਮਰਜੀ ਅਤੇ ਆਪਣੀ ਸਮਝ ਅਨੁਸਾਰ ਹੀ ਕਰਨਾ ਚਾਹੀਦਾ ਹੈ।

9) ਮਸ਼ੀਨੀਕਰਨ ਕਾਰਨ ਮਨੋਰੰਜਨ ਦੇ ਸਾਧਨ ਤਬਦੀਲ ਕਿਵੇਂ ਹੋ ਗਏ ਹਨ?

ਉੱਤਰ) ਮਸ਼ੀਨੀਕਰਨ ਨੇ ਸਾਡੀਆਂ ਲੋਕ ਖੇਡਾਂ ਨੂੰ ਪ੍ਰਭਾਵਿਤ ਕੀਤਾ ਹੈ ਜਿਆਦਾਤਰ ਬੱਚੇ ਕੰਪਿਊਟਰ, ਟੈਲੀਵਿਜਨ ਉੱਤੇ ਹੀ ਗੇਮਾਂ ਖੇਡ ਕੇ ਖੁਸ਼ ਹੁੰਦੇ ਹਨ। ਅਜੋਕੇ ਸਮੇਂ ਵਿੱਚ ਲੋਕੀ ਸ਼ਹਿਰਾਂ ਵਿੱਚ ਰਹਿਣ ਨੂੰ ਜਿਆਦਾ ਤਰਜੀਹ ਦਿੰਦੇ ਹਨ ਜਿਥੇ ਵੱਡੇ-ਵੱਡੇ ਦਰਖ਼ਤਾਂ ਦੀ ਘਾਟ ਹੁੰਦੀ ਹੈ। ਇਸ ਤਰਾਂ 'ਥਾਲ਼' ਵਰਗੀਆਂ ਖੇਡਾਂ ਮਸ਼ੀਨੀਕਰਨ ਅਤੇ ਸ਼ਹਿਰੀਕਰਨ ਦੀ ਭੇਟ ਚੜ੍ਹ ਗਈਆਂ ਹਨ।

10) 'ਦਾਤੇ' ਕਹਾਣੀ ਵਿੱਚ ਬੱਚਿਆਂ ਦਾ ਸੰਸਾਰ ਕਿਹੋ ਜਿਹਾ ਹੈ?

ਉੱਤਰ : ਗੀਤਾ ਦੇ ਘਰ ਬਹੁਤੇ ਬੱਚੇ ਹੋਣ ਕਾਰਨ ਉਹਨਾਂ ਦੇ ਘਰ ਦੀ ਹਾਲਤ ਚੰਗੀ ਨਹੀ ਸੀ। ਬੱਚਿਆਂ ਦੀ ਇੱਕ ਅਲੱਗ ਹੀ ਸੰਸਾਰ ਸੀ ਉਹ ਹਰ ਸ਼ੈ ਤੋਂ ਬੇਖਬਰ ਹੋ ਕੇ ਆਪਣੀਆਂ ਖੇਡਾਂ ਵਿੱਚ ਰੁਝੇ ਰਹਿੰਦੇ ਉਹਨਾਂ ਨੂੰ ਇਹ ਮਹਿਸੂਸ ਹੁੰਦਾ ਕਿ ਜਿਵੇਂ ਜ਼ਮੀਨ ਉਹਨਾਂ ਦੇ ਖੇਡਣ ਲਈ ਹੀ ਬਣੀ ਹੋਵੇ ਅਤੇ ਸੂਰਜ ਉਹਨਾਂ ਨੂੰ ਖਿਡਾਉਣ ਲਈ ਚੜਿਆ ਹੋਵੇ।

11) ਮਗਹਰ ਨਗਰ ਬਾਰੇ ਕੀ ਵਿਸ਼ਵਾਸ਼ ਕੀਤਾ ਜਾਂਦਾ ਸੀ?

ਉੱਤਰ) ਭਗਤ ਕਬੀਰ ਜੀ ਦੇ ਸਮੇਂ ਮਗਹਰ ਨਗਰ ਬਾਰੇ ਇਹ ਵਿਸ਼ਵਾਸ਼ ਸੀ ਕਿ ਜਿਹੜਾ ਮਨੁੱਖ ਮਗਹਰ ਦੀ ਧਰਤੀ ਤੇ ਪ੍ਰਾਣ ਤਿਆਗੇਗਾ ਉਹ ਨਰਕਾਂ ਨੂੰ ਜਾਵੇਗਾ। ਭਗਤ ਕਬੀਰ ਜੀ ਸਾਰੀ ਧਰਤੀ ਨੂੰ ਇਕੋ ਜਿਹੀ ਸਮਝਦੇ ਸਨ। ਇਹ ਵਿਸ਼ਵਾਸ਼ ਤੋੜਨ ਲਈ ਉਹਨਾਂ ਨੇ ਆਪਣਾ ਅਖੀਰਲਾ ਸਮਾਂ ਮਗਹਰ ਵਿਖੇ ਗੁਜਾਰਿਆ ਅਤੇ ਇਥੇ ਹੀ ਪ੍ਰਾਣ ਤਿਆਗੇ।

12) ਆਲੋਕ ਨੇ ਖਿੜਕੀ ਤੋਂ ਬਾਹਰ ਜਾ ਰਹੀ ਰੋਸ਼ਨੀ ਬਾਰੇ ਕੀ ਕੀਤਾ?

ਉੱਤਰ : ਆਲੋਕ ਨੇ ਇਕਬਾਲ ਤੋਂ ਸਕੂਲ ਦਾ ਕੰਮ ਪੁਛਿਆ ਅਤੇ ਜਲਦੀ ਹੀ ਆਪਣੇ ਘਰ ਚਲਾ ਗਿਆ। ਉਸਨੇ ਉਹ ਖਿੜਕੀ ਬੰਦ ਕਰ ਦਿੱਤੀ ਜਿਸਦੀ ਰੋਸ਼ਨੀ ਇਕਬਾਲ ਦੇ ਵਿਹੜੇ ਵਿੱਚ ਜਾਂਦੀ ਸੀ ਅਤੇ ਅੱਖਾਂ ਵਿੱਚ ਪੈ ਕੇ ਨੀਂਦ ਖਰਾਬ ਕਰਦੀ ਸੀ ਅਗਲੇ ਦਿਨ ਉਸਨੇ ਖਿੜਕੀ ਅੱਗੇ ਪਰਦਾ ਤਾਣ ਦਿੱਤਾ।

13) ਭਗਤ ਸਿੰਘ ਨੇ ਫ਼ਾਂਸੀ ਤੋਂ ਕੁਝ ਦਿਨ ਪਹਿਲਾਂ ਕੀ ਵਿਚਾਰ ਪਰਗਟ ਕੀਤੇ ਸਨ?

ਉੱਤਰ : ਫਾਂਸੀ ਤੋਂ ਕੁੱਝ ਦਿਨ ਪਹਿਲਾਂ ਭਗਤ ਸਿੰਘ ਨੇ ਇੱਕ ਸਵਾਲ ਦੇ ਜਬਾਵ ਵਿੱਚ ਕਿਹਾ ਸੀ ਕਿ ''ਜਦੋਂ ਹਿੰਦੁਸਤਾਨੀ ਲੁੱਟ–ਖਸੁੱਟ, ਬੇਇਨਸਾਫ਼ੀ, ਜਾਤ-ਪਾਤ, ਨਾ-ਬਰਾਬਰੀ, ਅੰਧ ਵਿਸ਼ਵਾਸ਼ ਤੇ ਹੋਰ ਸਮਾਜਿਕ ਬੁਰਾਈਆਂ ਤੋਂ ਮੁਕਤ ਹੋ ਕੇ ਆਜ਼ਾਦੀ ਦਾ ਅਨੰਦ ਮਾਨਣ ਲੱਗ ਪੈਣਗੇ, ਤਾਂ ਅਸੀਂ ਸਮਝਾਂਗੇ ਕਿ ਸਾਡੀ ਛੋਟੀ ਜਿਹੀ ਜ਼ਿੰਦਗੀ ਦਾ ਮੁੱਲ ਪੈ ਗਿਆ ਤੇ ਸਾਡੇ ਸੁਪਨੇ ਸਾਕਾਰ ਹੋ ਗਏ।

14) ਸ਼ੁਰੂ ਵਿੱਚ ਝੀਲ ਦਾ ਨਜ਼ਾਰਾ ਕਿਵੇਂ ਦਾ ਸੀ?

ਉੱਤਰ)ਸ਼ੁਰੂ ਵਿੱਚ ਝੀਲ ਦਾ ਨਜ਼ਾਰਾ ਬਹੁਤ ਖੂਬਸੂਰਤ, ਮਨਮੋਹਣਾ ਅਤੇ ਹਰਿਆਵਲ ਭਰਿਆ ਸੀ। ਝੀਲ ਉੱਤੇ ਹਰ ਸਾਲ ਰੰਗ ਬਰੰਗੇ ਪੰਛੀ ਆਉਂਦੇ ਅਤੇ ਝੀਲ ਵਿੱਚ ਤੈਰਦੇ। ਸੋਹਣੇ-ਸੋਹਣੇ ਬਾਲਕ ਝੀਲ ਦੀ ਸੈਰ ਕਰਦੇ ਅਤੇ ਨਿੱਕੀਆਂ-ਨਿੱਕੀਆਂ ਬੇੜੀਆਂ ਵਿੱਚ ਬੈਠ ਕੇ ਚੱਪੂ ਚਲਾਉਂਦੇ। ਅਠਖੇਲੀਆਂ ਕਰਦੇ ਅਤੇ ਆਪਣੇ ਘਰਾਂ ਨੂੰ ਪਰਤ ਜਾਂਦੇ।

15) ਆਵਾਜਾਈ ਵਿੱਚ ਵਰਤੀ ਲਾਪਰਵਾਹੀ ਦੇ ਕੀ ਨਤੀਜੇ ਨਿਕਲ਼ਦੇ ਹਨ?

ਉੱਤਰ : ਆਵਾਜਾਈ ਵਿੱਚ ਵਰਤੀ ਲਾਪਰਵਾਹੀ ਦੇ ਬੜੇ ਭਿਆਨਕ ਨਤੀਜੇ ਨਿਕਲਦੇ ਹਨ ਜਿਸ ਵਿੱਚ ਕਈ ਕੀਮਤੀ ਜਾਨਾਂ ਚਲੀ ਜਾਂਦੀਆਂ ਹਨ ਅਤੇ ਕਈ ਵਿਅਕਤੀ ਆਪਣੇ ਸ਼ਰੀਰ ਦੇ ਅੰਗ ਖੋ ਬੈਠਦੇ ਹਨ। ਲਾਪਰਵਾਹੀ ਕਾਰਨ ਹੀ ਦੁਰਘਟਨਾਵਾ ਵਾਪਰਦੀਆਂ ਹਨ। ਸਾਨੂੰ ਆਵਾਜਾਈ ਦੇ ਨਿਯਮਾਂ ਦੀ ਹਰ ਹਾਲਤ ਵਿੱਚ ਪਾਲਣਾਂ ਕਰਨੀ ਚਾਹੀਦੀ ਹੈ ਤਾਂ ਜੋ ਇਹਨਾਂ ਦੁਰਘਟਨਾਵਾਂ ਤੋਂ ਛੁਟਕਾਰਾ ਪਾਇਆ ਜਾ ਸਕੇ।

16) ਜਦੋਂ ਗੈਬੀ ਸ਼ਕਤੀ ਨੇ ਯੁਧਿਸਟਰ ਨੂੰ ਇੱਕ ਭਰਾ ਜੀਵਤ ਕਰਨ ਲਈ ਕਿਹਾ ਤਾਂ ਉਸ ਨੇ ਕਿਸ ਨੂੰ ਜੀਵਤ ਕਰਨਾ ਉਚਿਤ ਸਮਝਿਆ?

ਉੱਤਰ) ਉਸਨੇ ਨਕੁਲ ਨੂੰ ਜੀਵਤ ਕਰਨ ਲਈ ਉਚਿਤ ਸਮਝਿਆ ਕਿਉਂਕਿ ਉਸਦੀਆਂ ਦੋ ਮਾਵਾਂ ਸਨ ਇੱਕ ਕੁੰਤੀ ਅਤੇ ਦੂਜੀ ਮਾਦਰੀ। ਉਸ ਦੀ ਮਾਤਾ ਕੁੰਤੀ ਸੀ ਉਹ ਚਾਹੁੰਦਾ ਸੀ ਕਿ ਨਕੁਲ ਮਾਦਰੀ ਦਾ ਇਕਲੋਤਾ ਪੁੱਤਰ ਹੈ ਉਹ ਵੀ ਜਿਉਂਦਾ ਰਹਿਣਾ ਚਾਹੀਦਾ ਹੈ।

17) ਅਜੋਕੇ ਸਮੇਂ ਵਿੱਚ ਪਿੰਡਾਂ ਵਿੱਚ ਕੀ ਤਬਦੀਲੀਆਂ ਆਈਆਂ ਹਨ?

ਉੱਤਰ : ਅਜੋਕੇ ਸਮੇਂ ਵਿੱਚ ਪਿੰਡਾਂ ਵਿੱਚ ਸੜਕਾਂ ਦੇ ਜਾਲ਼ ਵਿਛ ਗਏ ਹਨ ਅਤੇ ਇਹ ਸ਼ਹਿਰਾਂ ਨਾਲ ਜੁੜ ਗਏ ਹਨ। ਪਿੰਡ ਦੇ ਕਿਸਾਨ ਆਧੁਨਿਕ ਮਸ਼ੀਨਾਂ ਨਾਲ ਖੇਤੀ ਕਰਨ ਲੱਗ ਪਏ ਹਨ ਅਤੇ ਖੇਤੀਬਾੜੀ ਮਾਹਿਰਾਂ ਦੀ ਸਲਾਹ ਨਾਲ ਫਸਲਾਂ ਦੀ ਬਿਜਾਈ ਕਰਨ ਲੱਗ ਪਏ ਹਨ। ਇਸ ਲਈ ਪਿੰਡ ਤਰੱਕੀ ਦੀ ਰਾਹ ਤੇ ਪੈ ਗਏ ਹਨ।

18) ਪੰਡਿਤ ਜਵਾਹਰ ਲਾਲ ਨਹਿਰੂ ਲੋਕਾਂ ਦੇ ਮਨਪਸੰਦ ਨੇਤਾ ਕਿਵੇਂ ਸਨ?

ਉੱਤਰ : ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਡਿਤ ਜਵਾਹਰ ਲਾਲ ਨਹਿਰੂ ਨੇ ਦੇਸ਼ ਦੀ ਤਰੱਕੀ ਲਈ ਦਿਨ ਰਾਤ ਮਿਹਨਤ ਕੀਤੀ। ਉਹ ਹਰ ਵਰਗ ਨੂੰ ਬਰਾਬਰ ਸਮਝਦੇ ਅਤੇ ਤਰੱਕੀ ਕਰਦੇ ਦੇਖਣਾ ਚਾਹੁੰਦੇ ਸਨ। ਹਿੰਦੂ, ਮੁਸਲਿਮ, ਸਿੱਖ, ਇਸਾਈ ਸਾਰੇ ਉਹਨਾਂ ਨੂੰ ਬਹੁਤ ਪਿਆਰ ਕਰਦੇ ਸਨ।

19) ਅਜਿੰਦਰ ਕੋਰ ਨੇ ਕਿਹੜੀਆਂ ਖੇਡਾਂ ਵਿੱਚ ਹਿੱਸਾ ਲਿਆ?

ਉੱਤਰ) ਉਸਨੇ ਤਕਰੀਬਨ ਹਰ ਖੇਡ ਵਿੱਚ ਹਿੱਸਾ ਲਿਆ ਉਹ ਗੋਲ਼ਾ ਸੁੱਟਣ ਵਿੱਚ ਵੀ ਮਾਹਿਰ ਸੀ। ਉਸਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਉਸਨੇ ਨੈਸ਼ਨਲ ਮੈਚ ਖੇਡਣ ਤੋਂ ਪਹਿਲਾਂ ਹੀ ਇੰਟਰਨੈਸ਼ਨਲ ਮੈਚ ਖੇਡਿਆ। 16 ਸਾਲ ਦੀ ਉਮਰ ਵਿੱਚ ਹੀ ਉਹ ਭਾਰਤੀ ਟੀਮ ਵਿੱਚ ਖੇਡਣ ਲਈ ਚੁਣੀ ਗਈ। 1968 ਈਸਵੀ ਪਹਿਲੇ ਮਹਿਲਾ ਏਸ਼ੀਆਈ ਹਾੱਕੀ ਟੂਰਨਾਮੈਂਟ ਸਮੇਂ ਉਹ ਭਾਰਤੀ ਟੀਮ ਵਿੱਚ ਖੇਡੀ ਅਤੇ ਭਾਰਤੀ ਟੀਮ ਤੀਜੇ ਨੰਬਰ ਤੇ ਰਹੀ।

20) ਭਾਈ ਘਨਈਆ ਜੀ ਦੀ ਮਾਤਾ ਜੀ ਨੇ ਉਸਨੂੰ ਕਿਹੜਾ ਕੰਮ ਕਰਨ ਲਈ ਕਿਹਾ?

ਉੱਤਰ : ਛੋਟੇ ਹੰਦਿਆ ਭਾਈ ਘਨਈਆ ਜੀ ਆਪਣੀ ਮਾਤਾ ਜੀ ਨਾਲ ਗੱਲਾਂ ਕਰਦੇ ਇਹ ਕਹਿੰਦੇ ਸਨ ਕਿ ਉਹ ਵੱਡੇ ਹੋ ਕੇ ਪਿੰਡ ਤੋਂ ਬਾਹਰ ਜਾਣਗੇ ਅਤੇ ਕੋਈ ਕੰਮ ਕਰਨਗੇ। ਉਹਨਾਂ ਦੀ ਮਾਤਾ ਜੀ ਨੇ ਕਿਹਾ ਕਿ ਵੱਡਾ ਹੋ ਕੇ ਵੱਡਾ ਕੰਮ ਹੀ

ਕਰੀਂ। ਵੱਡੇ ਕੰਮ ਬਾਰੇ ਭਾਈ ਘਨਈਆ ਜੀ ਨੂੰ ਬਚਪਨ ਵਿੱਚ ਤਾਂ ਪਤਾ ਨਹੀ ਲੱਗਿਆ। ਪ੍ਰੰਤੂ ਵੱਡੇ ਹੋ ਕੇ ਉਹ ਵੱਡੇ ਕੰਮ ਦੀ ਭਾਲ ਵਿੱਚ ਨਿਕਲ ਪਏ।

21) ਡਾਕਟਰ ਭੀਮ ਰਾਉ ਅੰਬੇਦਕਰ ਜੀ ਨੂੰ ਸਿੱਖਿਆ ਪ੍ਰਾਪਤ ਕਰਨ ਸਮੇਂ ਕਿਹੜੀਆਂ – ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ?

ਉੱਤਰ : ਭੀਮ ਰਾਉ ਅੰਬੇਦਕਰ ਜੀ ਨੇ ਪੜ੍ਹਾਈ ਸਮੇਂ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ। ਦਸਵੀਂ ਪਾਸ ਕਰਨ ਉਪਰੰਤ ਅਗਲੇਰੀ ਪੜ੍ਹਾਈ ਲਈ ਉਹਨਾਂ ਨੇ ਅਲਫਿੰਸਟੋਨ ਕਾਲਜ ਮੁੰਬਈ ਵਿੱਚ ਦਾਖ਼ਲਾ ਲਿਆ। ਆਰਥਿਕ ਹਾਲਤ ਠੀਕ ਨਾ ਹੋਣ ਤੇ ਵੀ ਉਹ ਅੱਗੇ ਪੜ੍ਹਨਾਂ ਚਾਹੁੰਦੇ ਸਨ। ਉਸ ਸਮੇਂ ਉਹਨਾਂ ਦੇ ਅਧਿਆਪਕ ਕਲੂਸਕਰ ਨੇ ਉਹਨਾਂ ਦੀ ਮਦਦ ਕੀਤੀ। ਉਹਨਾਂ ਦੀ ਸੋਚ ਅਤੇ ਸਿਆਣਪ ਨੂੰ ਪਰਖ ਕੇ ਉਸ ਸਮੇਂ ਦੇ ਰਿਆਸਤ ਬੜੌਦਾ ਦੇ ਮਹਾਰਾਜਾ ਸੀਆ ਜੀ ਗਾਇਕਵਾੜ ਨੇ ਉਹਨਾਂ ਨੂੰ ਵਜੀਫ਼ਾ ਲਗਾਇਆ। ਜਿਸ ਕਾਰਨ ਉਹਨਾਂ ਨੂੰ ਉਚੇਰੀ ਸਿੱਖਿਆ ਲਈ ਅਮਰੀਕਾ ਜਾਣ ਦਾ ਮੌਕਾ ਵੀ ਮਿਲੀਆ।

*****

# ਖਾਲੀ ਥਾਵਾਂ ਭਰੋ

1) ਸਾਵਾ ਰੰਗ ਤੇਰਾ ਦੱਸੇ ................. ਦੇ ਰੰਗ ਨੂੰ। (**ਖੇਤੀਆਂ**/ਸ਼ਹਾਦਤ)

2) ਚੱਕਰ ਅਸ਼ੋਕ ਦਾ ................ ਦਾ ਨਿਸ਼ਾਨ ਏ। (**ਵਿਕਾਸ**/ਕਾਂਤੀ)

3) ਸ਼ੌਂਫ ਤੇ .................... ਇਕੱਠੀਆਂ ਬੈਠੀਆਂ ਸਨ। (ਇਲਾਚੀ/**ਜਵੈਣ**)

4) ਸਾਰਿਆਂ ਵਿੱਚ ਵੱਖ-ਵੱਖ ................... ਹੰਦੇ ਹਨ। (**ਗੁਣ**/ਔਗੁਣ)

5) ਗਾਂਧੀ ਜੀ ਦਾ ਜਨਮ 02 ਅਕਤੂਬਰ 1869 ਨੂੰ ............. ਦੇ ਪੋਰਬੰਦਰ ਵਿੱਚ ਹੋਇਆ। (ਆਸਾਮ /**ਗੁਜਰਾਤ**)

6) ਸਾਰਾ ਦੇਸ਼ ਉਹਨਾਂ ਨੂੰ ਅੱਜ .................. ਨਾਂ ਨਾਲ ਯਾਦ ਕਰਦਾ ਹੈ। (ਮਹਾਤਮਾ / **ਬਾਪੂ**)

7) ਮਾਸਟਰ ਜੀ ਸਟਾਫ-ਰੂਮ ਵਿੱਚ ਬੈਠੇ ਕਾਪੀਆਂ ............... ਕਰ ਰਹੇ ਸਨ। (ਠੀਕ/ **ਚੈੱਕ**)

8) ਇਹ ਪਲਾਸਟਿਕ ਦੇ ਲਿਫਾਫੇ ਸਾਰੇ .................... ਨੂੰ ਦੂਸ਼ਿਤ ਕਰਦੇ ਹਨ। (**ਵਾਤਾਵਰਨ** / ਆਲੇ-ਦੁਆਲੇ ਨੂੰ)

9) ................ ਨਾਂ ਦਾ ਬਾਲਕ ਗਊਆ ਚਰਾਉਂਦਾ ਫਿਰਦਾ ਸੀ। (ੳ) ਰਾਮ (ਅ) **ਬੂੜਾ** (ੲ) ਸ਼ਾਮ (ਸ) ਕ੍ਰਿਸ਼ਨ

10) ਗੁਰੂ ਸਾਹਿਬਾਨ ਨੇ ਕਿਹਾ, 'ਹੇ ਬਾਲਕ ਤੂੰ ਤਾਂ ............. ਵਾਲੀਆਂ ਗੱਲਾਂ ਕਰਦਾ ਹੈ।

(ੳ)ਸਿਆਣੀਆਂ (ਅ) **ਬੁਢਿਆਂ ਵਾਲੀਆਂ** (ੲ) ਬੱਚਿਆਂ ਵਾਲੀਆਂ (ਸ) ਵਿਦਵਾਨਾਂ ਵਾਲੀਆਂ

11) ਕੱਕਰਾਂ ਨੇ ਲੁੱਟ – ਪੁੱਟ, ਨੰਗ ਕਰ ਛੱਡੇ................, (ਦਰਿਆ / **ਰੁੱਖ**)

12) ਭੌਰੇ ਲਟਬੌਰਿਆਂ ਨੂੰ ਆਈਆਂ ....................., (ਬਦਨਾਮੀਆਂ / **ਖੁਸ਼ਹਾਲੀਆਂ**)

13) ਕਿਸਾਨ ਉਹਨਾਂ ਦੀ ਗੱਲ ਸੁਣ ਕੇ ................ ਹੋ ਗਿਆ। (**ਖੁਸ਼** /ਸ਼ਰਮਿੰਦਾ)

14) ਦੋ ਆਜੜੀ ਰਾਹ ਵਿੱਚ ................. ਚਾਰ ਰਹੇ ਸਨ। (**ਭੇਡਾ** / ਬੱਕਰੀਆਂ)

15) ............ ਪੰਜਾਬੀ ਕੁੜੀਆਂ ਦੀ ਹਰਮਨ ਪਿਆਰੀ ਲੋਕ ਖੇਡ ਹੈ। (ਗੀਟੇ / **ਥਾਲ਼**)

16) ਜਿਸ ਕੁੜੀ ਨੇ ਸਭ ਤੋਂ ਵੱਧ ਥਾਲ ਪਾਏ ਹੋਣ ਉਸ ਨੂੰ ......... ਮੰਨਿਆ ਜਾਂਦਾ ਹੈ। (ਉੱਤਮ ਖਿਡਾਰਨ / **ਜੇਤੂ**)

17) ਨਿੱਕਾ-ਨਿਕ ਤਨ ਹੈ ਉਸਦਾ, ਵੱਡੀ ਉਸਦੀ ....................। (**ਗੱਲ** /ਕੰਮ)

18) ਬੰਦਿਆਂ ਵਾਂਗ ਨਾ ਧਰਤੀ ਨੂੰ ਉਹ, ਗਿੱਠਾਂ ਦੇ ਵਿੱਚ .....................। (**ਨਾਪੇ** / ਟੱਪੇ)

19) ਇੱਕ ਦਿਨ ................ ਵੇਚਣ ਵਾਲਾ ਆਇਆ। (ੳ) ਕੁਲਫੀਆਂ (ਅ) ਚਾਦਰਾਂ (ੲ) **ਚੂੜੀਆਂ**

20) ਭਾਈ ਨੇ .............. ਬੰਨ੍ਹ ਕੇ ਲਿਫਾਫੇ ਵਿੱਚ ਪਾ ਦਿੱਤੀਆਂ। (ੳ) ਬਿੰਦੀਆਂ (ਅ) ਮਠਿਆਈਆਂ (ੲ) **ਚੂੜੀਆਂ**

21) ਉਹਨਾਂ ਦਿਨਾਂ ਵਿੱਚ ਕਾਸ਼ੀ ਵਿੱਚ ਪੰਡਤ .............. ਜੀ ਬੜੇ ਵੱਡੇ ਵਿਦਵਾਨ ਸਨ। (**ਰਾਮਾਨੰਦ** / ਵਿਵੇਕਾਨੰਦ)

22) ਇਹਨਾਂ ਦਿਨਾਂ ਵਿੱਚ ਹਿੰਦੂ ਅਤੇ ਮੁਸਲਮਾਨ ਦੋਵੇ ਹੀ ਕਬੀਰ ਜੀ ਨੂੰ ........... ਕਰਦੇ ਸਨ। (ਯਾਦ / **ਪਿਆਰ**)

23) ਜਾਨਵਰਾਂ ਦੇ ਹਸਪਤਾਲ ਇੱਕ, ਬੁੱਧੂ ............... ਲਿਆਇਆ। (ਘੋੜਾ / **ਖੋਤਾ**)

24) ਜਿਦੀ ਫੂਕ ਵੱਜ ਜਾਵੇ ਪਹਿਲਾ............. ਉਸਦੀ ਕਹਿੰਦੇ। ( ਹਾਰ / **ਜਿੱਤ**)

25) ਇਕ ਦਿਨ ਆਲੋਕ ਨੂੰ ............. ਜਿਹਾ ਬੁਖਾਰ ਚੜ੍ਹ ਗਿਆ। (**ਹਲਕਾ** / ਜਿਆਦਾ)

26) ਅਗਲੇ ਦਿਨ ਉਹਨੇ ਖਿੜਕੀ ਮੂਹਰੇ ਇਕ ............ ਤਾਣ ਦਿੱਤਾ। (**ਪਰਦਾ** / ਅਖ਼ਬਾਰ)

27) ਸ. ਭਗਤ ਸਿੰਘ ਦਾ ਜਨਮ ਅਤੇ ਸੁਖਦੇਵ ਦਾ ਜਨਮ ਇੱਕ ਸੰਨ ............. ਵਿੱਚ ਹੋਇਆ। (**1907**/ 1917)

28) ................... ਸਾਜ਼ਸ ਕੇਸ ਅਨੁਸਾਰ ਸ. ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। (ਪਸ਼ੋਰ / **ਲਾਹੋਰ**)

29) ਲੱਡੂਆਂ ਜਲੇਬੀਆਂ ਦੇ ਭਰੇ ................. ਨੇ। (ਲਿਫਾਫੇ / ਥਾਲ਼)

30) ................. ਚੋਂ ਮੇਲੇ ਰੰਗਲੇ ਪੰਜਾਬ ਦੇ। (ਤਿਉਹਾਰਾਂ / **ਮੇਲਿਆਂ**)

31) ਸੋਹਣੇ – ਸੋਹਣੇ ਬੱਚੇ............... ਦੀ ਸੈਰ ਕਰਨ ਜਾਂਦੇ। (ਪਾਰਕ / **ਝੀਲ**)

32) ਰੰਗਲੇ ਪੰਛੀਆਂ ਨੇ ਰੁੱਖਾਂ ਉੱਤੇ ........... ਪਾ ਲਏ। (ਘਰ / **ਆਲ੍ਹਣੇ**)

33) ਪੈਦਲ ਚੱਲਣਾ ਅਤੇ .............. ਦੀ ਸਵਾਰੀ ਕਰਨਾ ਘਟ ਗਿਆ ਹੈ। (**ਪਸ਼ੂਆਂ** / ਬੱਸਾਂ)

34) ਛੋਟੇ ਬੱਚੇ ਭੋਲੇਪਣ ਵਿੱਚ ................. ਉੱਤੇ ਖੇਡਦੇ ਹਨ। (ਛੱਤਾਂ / **ਸੜਕਾਂ**)

35) ਪੰਜੇ ਪਾਂਡਵਾ ਬਨਵਾਸ ਦੇ ਦਿਨਾਂ ਵਿਚ ................ ਫਿਰ ਰਹੇ ਸਨ। (ਘੁੰਮਦੇ / **ਭਟਕਦੇ**)

36) ਯੁਧਿਸ਼ਟਰ ਦੀ ਇਹ ਗੱਲ ਸੁਣ ਕੇ ਖੁਸ਼ੀ ਭਰੀ ਆਵਾਜ਼ ਆਈ 'ਯੁਧਿਸ਼ਟਰ ਤੂੰ ਸੱਚ-ਮੁੱਚ ਹੀ....... ਹੈ'। (ਸੱਚਾ ਪੁੱਤਰ / **ਧਰਮ ਪੁੱਤਰ**)

37) ਰੰਗ ਬਰੰਗੇ ਲੱਖਾਂ ਹੀ ਫੁੱਲ
ਤੇਨੂੰ ਦੇਣ ....................। ( ਨਿਖਾਰ / **ਸ਼ਿੰਗਾਰ**)

38) ਵੰਨ-ਸੁਵੰਨੇ ਲੱਖਾਂ ਜੀਵਾਂ
ਲਾਇਆ ਏਥੇ .................। (**ਡੇਰਾ** / ਫੇਰਾ)

39) ਅੱਜ – ਕੱਲ੍ਹ ਪਿੰਡਾ ਨੇ ਤਾਂ ਬਹੁਤ ............ ਕਰ ਲਈ ਹੈ। (ਬਰਬਾਦੀ / **ਤਰੱਕੀ**)

40) ਦੀਪ ਨੂੰ ਮਿੱਸੀ............. ਬਹੁਤ ਸੁਆਦ ਲੱਗੀ। (**ਰੋਟੀ** / ਲੱਸੀ)

41) ਉਹ ਪੰਜਾ-ਸੱਤ ਮਿੰਟ ਲਾ ਕੇ ਵਾਪਸ ਆਇਆ ਤਾਂ ਸਵਾਰੀਆਂ............. ਪੈ ਰਹੀਆਂ ਸਨ। (ਗਲ਼ / **ਕਾਹਲੀਆਂ**)

42) ਪੰਡਤ ਜੀ ਸਵਾਰ ਤੋਂ ਹੀ ........ ਸਨ। (ਥੱਕੇ ਹੋਏ / **ਬੇਹੋਸ਼**)

43) ਅਜਿੰਦਰ ਕੌਰ ਨੇ ਭਾਰਤੀ ਮਹਿਲਾ ਹਾਕੀ ਦੀ ਖੇਡ ਵਿੱਚ ਸਭ ਤੋਂ ਵੱਧ ............. ਕਮਾਇਆ ਹੈ। (ਪੈਸਾ / **ਨਾਮ**)

44) 1967 ਈ. ਵਿੱਚ ਉਹ .............. ਯੂਨੀਵਰਸਿਟੀ ਦੀ ਹਾਕੀ ਦੀ ਟੀਮ ਦੀ ਕਪਤਾਨ ਬਣੀ। (ਪੰਜਾਬੀ / **ਪੰਜਾਬ**)

45) ਦਰਿਆ ................... ਦੇ ਕੰਢੇ ਵੱਸੇ ਉਸ ਪਿੰਡ ਸੋਧਰਾ ਦੇ ਸੌ ਦਰਵਾਜ਼ੇ ਸਨ। (ਬਿਆਸ / **ਚਨਾਬ**)

46) ਭਾਈ ਘੱਨਈਆ................... ਪਹੁੰਚ ਗਿਆ। (**ਸ੍ਰੀ ਅਨੰਦਪੁਰ ਸਾਹਿਬ**/ ਸ੍ਰੀ ਅੰਮ੍ਰਿਤਸਰ ਸਾਹਿਬ)

47) ਡਾ. ਭੀਮ ਰਾਓ ਅੰਬੇਦਕਰ ਦਾ ਜੀਵਨ ਇੱਕ ਲੰਬੇ ................ ਦੀ ਕਹਾਣੀ ਹੈ। (**ਸੰਘਰਸ਼** / ਸਫ਼ਰ)

48) ਡਾ. ਭੀਮ ਰਾਓ ਅੰਬੇਦਕਰ ਦੇ ਸੌ ਸਾਲਾ ................ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।
(ਲੋਕ ਨਾਇਕ/ **ਭਾਰਤ ਰਤਨ**)

49) ਮੈਂ ਤਿਤਲੀ ਸੁੰਦਰ ਬਾਗ ਦੀ
ਮੇਰੇ ਫੁੱਲਾਂ ਦੇ ਕਈ.............. (ਢੰਗ / **ਰੰਗ**)

50) ਇਹਨਾਂ ਫੁੱਲਾਂ ਕਰਕੇ ਜਾਪਦਾ,
ਮੈਨੂੰ ਸੁੰਦਰ ਸਭ..............। (ਖੁਮਾਰ / **ਸੰਸਾਰ**)

*****

## ਬਹੁ ਵਿਕਲਪੀ ਪ੍ਰਸ਼ਨ

1) ਇਲਾਚੀ ਨੂੰ ਕਿਸ ਗੱਲ ਦਾ ਘਮੰਡ ਸੀ?

ੳ) ਸੁੰਦਰਤਾ ਦਾ ਅ)ਸੁਆਦ ਦਾ ੲ) ਰੰਗ ਦਾ ਸ) **ਗੁਣਕਾਰੀ ਹੋਣ ਦਾ।**

2) ਪੂਦਨੇ ਨੂੰ ਢੱਕਣ ਕਿਵੇਂ ਦਾ ਲੱਗਾ?

ੳ) ਠੰਡਾ ਅ) **ਗਰਮ** ੲ)ਸਿੱਧਾ ਸ) ਨੀਵਾ

3) ਢਿੱਡ – ਪੀੜ ਹੋਣ ਤੇ, ਕਿਸ ਨੂੰ ਨਹੀਂ ਪੁੱਛਦਾ?

ੳ) ਸੌਂਫ ਨੂੰ ਅ) ਲੈਚੀ ਨੂੰ ੲ) **ਅੰਬਚੂਰ ਨੂੰ** ਸ) ਜਵੈਣ ਨੂੰ

4) ਵੈਦਾਂ - ਹਕੀਮਾਂ ਦੇ ਕੌਣ ਬੜੇ ਕੰਮ ਆਉਂਦੀ ਹੈ?

ੳ) **ਜਵੈਣ** ਅ) ਲੈਚੀ ੲ) ਅੰਬਚੂਰ ਸ) ਅਨਾਰਦਾਣਾ

5) ਮਹਾਤਮਾ ਗਾਂਧੀ ਜੀ ਦਾ ਜਨਮ ਕਦੋਂ ਹੋਇਆ?

ੳ) 31 ਅਕਤੂਬਰ 1870 ਅ) 4 ਸਤੰਬਰ 1859 ੲ) 1 ਨਵੰਬਰ 1850 ਸ)**2 ਅਕਤੂਬਰ 1869**

6) ਗਾਂਧੀ ਜੀ ਮਹਾਨ ਕਿਉ ਬਣੇ?

ੳ) ਉੱਚੀ ਸ਼ਖਸ਼ੀਅਤ ਕਾਰਨ ਅ) ਨੇਤਾ ਹੋਣ ਕਾਰਨ ੲ) **ਮਹਾਨ ਵਿਚਾਰਾਂ ਕਾਰਨ** ਸ) ਪੜ੍ਹੇ ਲਿਖੇ ਹੋਣ ਕਾਰਨ

7) ਕਵੀ ਕਿਹੜੇ ਦੇਸ਼ ਨੂੰ ਸੋਹਣਾ ਕਹਿੰਦਾ ਹੈ?

ੳ) ਹਰਿਆਣੇ ਨੂੰ ਅ) **ਪੰਜਾਬ ਨੂੰ** ੲ) ਅਸਾਮ ਨੂੰ ਸ) ਗੁਜਰਾਤ ਨੂੰ

8) ਕਵੀ ਅਨੁਸਾਰ ਪੰਜਾਬ ਵਿੱਚ ਹਰਿਆਲੀ ਕਿਸ ਕਾਰਨ ਹੈ?

ੳ) ਵਰਖਾ ਕਾਰਨ ਅ) ਝੀਲਾਂ ਕਾਰਨ ੲ) ਨਹਿਰਾਂ ਕਾਰਨ ਸ) **ਦਰਿਆਵਾਂ ਕਾਰਨ**

9) ਪੰਜਾਬੀ ਲੋਕ ਧਰਤੀ ਤੇ ਕਿਵੇਂ ਤੁਰਦੇ ਹਨ?

ੳ) ਤੇਜੀ ਨਾਲ ਅ) ਹੌਲੀ-ਹੌਲੀ ੲ) ਕਾਹਲੀ ਨਾਲ ਸ) **ਠੁਮਕ-ਠੁਮਕ ਕੇ**

*****

# ਸ਼ਬਦਾਂ ਦਾ ਅਰਥਾਂ ਨਾਲ ਮਿਲਾਨ ਕਰੋ

**ਮਿਲਾਨ ਕਰੋ :-**

| | | |
|---|---|---|
| ਬੋਲੀ | : | ਯਕੀਨ |
| ਉੱਤਮ | : | ਨਿਆਂ |
| ਇਨਸਾਫ਼ | : | ਦੋਸਤ |
| ਇਤਬਾਰ | : | ਵਧੀਆ |

**ਮਿਲਾਨ ਕਰੋ :-**

| | | |
|---|---|---|
| ਸਪੂਤ | : | ਤਾਕਤ |
| ਦੂਸ਼ਿਤ | : | ਨੁਕਸਾਨਦੇਹ |
| ਸ਼ਕਤੀ | : | ਚੰਗਾ ਪੁੱਤਰ |
| ਹਾਨੀਕਾਰਕ | : | ਮੈਲਾ |

**ਮਿਲਾਨ ਕਰੋ :-**

| | | |
|---|---|---|
| ਇਨਸਾਨੀਅਤ | : | ਢੰਗ |
| ਤਰਕੀਬ | : | ਘਬਰਾ ਜਾਣਾ |
| ਪਰੇਸ਼ਾਨ | : | ਮਨੁੱਖਤਾ |
| ਸਤਿਕਾਰ | : | ਇੱਜਤ |

**ਮਿਲਾਨ ਕਰੋ :-**

| | | |
|---|---|---|
| ਪ੍ਰਸ਼ੰਸਾ | : | ਭੁਲੇਖਾ |
| ਭਰਮ | : | ਸੋਹਣਾ |
| ਖ਼ੂਬਸੂਰਤ | : | ਸ਼ਲਾਘਾ |
| ਸ਼ੌਂਕ | : | ਰੁਚੀ |

**ਮਿਲਾਨ ਕਰੋ :-**

| | | |
|---|---|---|
| ਨਿਯਮ | : | ਰੁਕਣ ਲਈ |
| ਹਰੀ ਬੱਤੀ ਦਾ ਇਸ਼ਾਰਾ | : | ਵਸੋਂ |
| ਲਾਲ ਬੱਤੀ ਦਾ ਇਸ਼ਾਰਾ | : | ਚੱਲਣ ਲਈ |
| ਅਬਾਦੀ | : | ਸਿਧਾਂਤ |

**ਮਿਲਾਨ ਕਰੋ :-**

| | | |
|---|---|---|
| ਦਇਆ | : | ਰੋਣ-ਪਿੱਟਣ |
| ਵਿਰਲਾਪ | : | ਚੁੱਪ |
| ਨਿਮਰਤਾ | : | ਤਰਸ |
| ਖ਼ਮੋਸ਼ | : | ਨਿਮਾਣਾ |

**ਮਿਲਾਨ ਕਰੋ :-**

| | | |
|---|---|---|
| ਭੰਡਾਰ | : | ਪਹਾੜ |
| ਪਰਬਤ | : | ਸਾਰੀ ਦੁਨੀਆਂ |
| ਬ੍ਰਹਿਮੰਡ | : | ਖਜ਼ਾਨਾ |

**ਮਿਲਾਨ ਕਰੋ :-**

| | | |
|---|---|---|
| ਤਰੱਕੀ | : | ਸੁਲਝਿਆ ਹੋਇਆ |
| ਚੀਕ-ਚਿਹਾੜ | : | ਝੂਟਾ ਲੈਣ ਲਈ ਬੰਨੀ ਰੱਸੀ |
| ਪੀਂਘ | : | ਰੌਲ਼ਾ ਰੱਪਾ |
| ਮਾਹਰ | : | ਉੱਨਤੀ |

**ਮਿਲਾਨ ਕਰੋ :-**

| | | |
|---|---|---|
| ਕੰਡਕਟਰ | : | ਔਕੜ |
| ਪਰੇਸ਼ਾਨੀ | : | ਟਿਕਟਾਂ ਕੱਟਣ ਵਾਲ਼ਾ |
| ਚਲਾਣਾ | : | ਸੁਰਗਵਾਸ |

**ਮਿਲਾਨ ਕਰੋ :-**

| | | |
|---|---|---|
| ਨਿੱਗਰ | : | ਮਸ਼ਹੂਰ |
| ਪ੍ਰਦਰਸ਼ਨ | : | ਮਜਬੂਤ |
| ਸ਼ਿਰਕਤ | : | ਦਿਖਾਵਾ |
| ਪ੍ਰਸਿੱਧ | : | ਸ਼ਾਮਲ ਹੋਣਾ |

**ਮਿਲਾਨ ਕਰੋ :-**

| | | |
|---|---|---|
| ਮਹਿਮਾ | : | ਪਰਾਇਆ |
| ਬੇਗਾਨਾ | : | ਉਸਤਤ |
| ਪਵਿੱਤਰ | : | ਪਰਛਾਵਾਂ |
| ਅਕਸ | : | ਨਿਰਮਲ |

**ਮਿਲਾਨ ਕਰੋ :-**

| | | |
|---|---|---|
| ਨੀਰ | : | ਖੁਸ਼ ਹੋਣਾ |
| ਪਰਬਤ | : | ਜੋ ਕੀਤਾ ਨਾ ਜਾਣੇ |
| ਗਦ-ਗਦ ਹੋਣਾ | : | ਮਸਤਾਨੀ ਚਾਲ |
| ਅਠਖੇਲੀਆਂ | : | ਪਹਾੜ |
| ਅਕ੍ਰਿਤਘਣ | : | ਪਾਣੀ |

**ਮਿਲਾਨ ਕਰੋ :-**

| | | |
|---|---|---|
| ਤਰਕੀਬ | : | ਸੋਹਣਾ |
| ਮਲੂਕ | : | ਨਜਾਰਾ |
| ਦ੍ਰਿਸ਼ | : | ਢੰਗ |
| ਪਰੇਸ਼ਾਨੀ | : | ਘਬਰਾ ਜਾਣਾ |
| ਇਨਸਾਨੀਅਤ | : | ਮਨੁੱਖਤਾ |

*****

# <u>ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ</u>

1) ਰਸੋਈ : ਸਾਨੂੰ ਰਸੋਈ ਸਾਫ਼-ਸੁਥਰੀ ਰੱਖਣੀ ਚਾਹੀਦੀ ਹੈ।

2) ਆਲਮਾਰੀ : ਮੇਰੀ ਅਲਮਾਰੀ ਦਾ ਰੰਗ ਚਿੱਟਾ ਹੈ।

3) ਮਠਿਆਈ : ਤਿਉਹਾਰਾਂ ਤੇ ਲੋਕੀ ਮਠਿਆਈ ਦੇ ਤੋਹਫੇ ਦਿੰਦੇ ਹਨ।

4) ਅਹਿੰਸਾ : ਗਾਂਧੀ ਜੀ ਅਹਿੰਸਾ ਵਿੱਚ ਵਿਸ਼ਵਾਸ਼ ਰੱਖਦੇ ਸਨ।

5) ਮੁਸੀਬਤ : ਮੁਸੀਬਤ ਵਿੱਚ ਸਾਨੂੰ ਇਕ-ਦੂਜੇ ਦੀ ਮਦਦ ਕਰਨੀ ਚਾਹੀਦੀ ਹੈ।

6) ਸਹਿਪਾਠੀ : ਰਾਮ ਅਤੇ ਸ਼ਾਮ ਸਹਿਪਾਠੀ ਹਨ।

7) ਵਾਤਾਵਰਨ : ਪਲਾਸਟਿਕ ਦੇ ਲਿਫ਼ਾਫ਼ੇ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ।

8) ਹਿੰਮਤ : ਇਕਬਾਲ ਨੇ ਜਖਮੀ ਵਿਦਿਆਰਥੀ ਨੂੰ ਬੜੀ ਹਿੰਮਤ ਨਾਲ ਸਾਂਭਿਆ।

9) ਅਡੋਲ : ਡਾ. ਭੀਮ ਰਾਉ ਅੰਬੇਦਕਰ ਛੂਤ-ਛਾਤ ਹੋਣ ਉਪਰੰਤ ਵੀ ਆਪਣੇ ਫੈਸਲੇ ਤੇ ਅਡੋਲ ਰਹੇ।

10) ਆਦਰ : ਵੱਡਿਆਂ ਦਾ ਆਦਰ ਕਰੋ।

11) ਨਿਹਾਲ : ਬਸੰਤ ਰੁੱਤ ਵਿੱਚ ਸਾਰੇ ਰੁੱਖ ਨਿਹਾਲ ਹੋ ਜਾਂਦੇ ਹਨ।

12) ਸਦਕੇ : ਮਾਂ ਆਪਣੇ ਪੁੱਤਰ ਤੇ ਸਦਕੇ ਜਾਂਦੀ ਹੈ।

13) ਸਵਾਰੀ : ਸਵਾਰੀ ਬੱਸ ਦਾ ਇੰਤਜਾਰ ਕਰ ਰਹੀ ਸੀ।

14) ਸ਼ਰਮਿੰਦਾ : ਆਲੋਕ ਆਪਣੀ ਕੀਤੀ ਤੇ ਬਹੁਤ ਸ਼ਰਮਿੰਦਾ ਹੋਇਆ।

15) ਮੁਰਾਦ : ਲੋਕੀ ਮੰਦਰਾਂ ਮਸ਼ਜਿਦਾ ਵਿੱਚ ਜਾ ਕੇ ਮੁਰਾਦਾਂ ਮੰਗਦੇ ਹਨ।

16) ਦਿਲਚਸਪ : ਇਹ ਕਹਾਣੀ ਬੜੀ ਦਿਲਚਸਪ ਸੀ।

17) ਤਨ : ਕੀੜੀ ਦਾ ਤਨ ਛੋਟਾ ਹੁੰਦਾ ਹੈ।

18) ਭਰੋਸਾ : ਪਰਮਾਤਮਾ ਤੇ ਭਰੋਸਾ ਰੱਖੋ।

19) ਭੁਲੇਖਾ : ਮੈਂ ਕਈ ਭੁਲੇਖਾ ਪਾਉ ਤਸਵੀਰਾਂ ਵੇਖੀਆਂ।

20) ਸ਼ਲਾਘਾ : ਅਧਿਆਪਕ ਨੇ ਆਪਣੇ ਹੋਣਹਾਰ ਵਿਦਿਆਰਥੀ ਦੀ ਸ਼ਲਾਘਾ ਕੀਤੀ।

21) ਗਿਆਨ : ਗਿਆਨ ਜਿੰਨਾਂ ਵੰਡੋਗੇ ਉਨਾਂ ਹੀ ਵਧੇਗਾ।

22) ਵਿਦਵਾਨ : ਸਾਨੂੰ ਵਿਦਵਾਨਾਂ ਦੀ ਸੰਗਤ ਕਰਨੀ ਚਾਹੀਦੀ ਹੈ।

23) ਇਸ਼ਾਰਾ : ਸਾਨੂੰ ਆਵਾਜਾਈ ਦੇ ਇਸ਼ਾਰਿਆਂ ਦੀ ਪਾਲਣਾ ਕਰਨੀ ਚਾਹੀਦੀ ਹੈ।

24) ਰੋਸ਼ਨੀ : ਦਿਵਾਲੀ ਰੋਸ਼ਨੀਆਂ ਦਾ ਤਿਉਹਾਰ ਹੈ।

25) ਸ਼ਹੀਦ : ਸਾਰੇ ਦੇਸ਼ ਵਾਸੀਆਂ ਨੂੰ ਸ਼ਹੀਦਾਂ ਤੇ ਮਾਣ ਹੁੰਦਾ ਹੈ।

26) ਸ਼ਾਂਝ : ਸ਼ਾਂਝ ਇੱਕ ਵੱਡਮੁੱਲਾ ਗੁਣ ਹੈ।

27) ਬੇਲੀ : ਮੇਲੇ ਹਮੇਸ਼ਾ ਬੇਲੀਆਂ ਨਾਲ ਹੀ ਚੰਗੇ ਲਗਦੇ ਹਨ।

28) ਗੁਲਾਬ : ਗੁਲਾਬ ਦੀਆਂ ਕਈ ਕਿਸਮਾਂ ਹੁੰਦੀਆਂ ਹਨ।

29) ਆਵਾਜਾਈ : ਆਵਾਜਾਈ ਦੇ ਨਿਯਮਾਂ ਦੀ ਸਾਵਧਾਨੀ ਨਾਲ ਪਾਲਣਾ ਕਰਨੀ ਚਾਹੀਦੀ ਹੈ।

30) ਸਾਵਧਾਨੀ : ਸੜਕ ਪਾਰ ਕਰਨ ਸਮੇਂ ਸਾਵਧਾਨੀ ਵਰਤੋ।

31) ਪਿਆਸ : ਪਾਂਡਵਾਂ ਨੂੰ ਬਹੁਤ ਪਿਆਸ ਲੱਗੀ।

32) ਬੇਹਾਲ : ਉਹ ਪਿਆਸ ਨਾਲ ਬੇਹਾਲ ਹੋਏ।

33) ਤਰੱਕੀ : ਸਾਨੂੰ ਸਾਰਿਆਂ ਨੂੰ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ।

34) ਇੰਤਜ਼ਾਮ : ਸਕੂਲ ਸਟਾਫ਼ ਨੇ ਪ੍ਰੀਖਿਆਵਾਂ ਦਾ ਇੰਤਜ਼ਾਮ ਕੀਤਾ।

35) ਕੰਡਕਟਰ : ਕੰਡਕਟਰ ਨੇ ਸਵਾਰੀ ਨੂੰ ਬੈਠਣ ਲਈ ਕਿਹਾ।

36) ਸੁਰਗਵਾਸ : ਜਵਾਹਰ ਲਾਲ ਨਹਿਰੂ ਜੀ ਦੇ ਸੁਰਗਵਾਸ ਸਮੇਂ ਸਾਰਾ ਦੇਸ਼ ਸੋਗ ਵਿੱਚ ਡੁੱਬ ਗਿਆ।

37) ਹਸਮੁੱਖ : ਅਜਿੰਦਰ ਕੌਰ ਹਸਮੁੱਖ ਸ਼ਖਸ਼ੀਅਤ ਦੀ ਮਾਲਕ ਹੈ।

38) ਯੂਨੀਵਰਸਿਟੀ : ਯੂਨੀਵਰਸਿਟੀ ਵਿੱਚ ਵਿਦਿਆਰਥੀ ਉਚੇਰੀ ਸਿੱਖਿਆ ਹਾਸਲ ਕਰਦੇ ਹਨ।

39) ਵਾਟ : ਇਹ ਵਾਟ ਮੁੱਕਣ ਤੇ ਨਹੀਂ ਸੀ ਆ ਰਹੀ।

40) ਮੁਸਾਫ਼ਰ : ਮੁਸਾਫ਼ਰ ਕੁੱਝ ਸਮਾਂ ਅਰਾਮ ਕਰਨ ਲਈ ਦਰਖ਼ਤ ਹੇਠ ਬੈਠਿਆ।

41) ਸੰਘਰਸ਼ : ਡਾ.ਭੀਮ ਰਾਉ ਅੰਬੇਦਕਰ ਜੀ ਦੀ ਜਿੰਦਗੀ ਸੰਘਰਸ਼ਮਈ ਰਹੀ ਹੈ।

42) ਹੁਸ਼ਿਆਰ : ਸੁਖਪਾਲ ਸਾਡੀ ਕਲਾਸ ਦਾ ਹੁਸ਼ਿਆਰ ਵਿਦਿਆਰਥੀ ਹੈ।

43) ਭੇਦ-ਭਾਵ : ਭਗਤ ਕਬੀਰ ਜੀ ਸਾਰੇ ਭੇਦ-ਭਾਵ ਮਿਟਾਉਣਾ ਚਾਹੁੰਦੇ ਸਨ।

44) ਸੁੰਦਰ : ਚਿੱਤਰਕਾਰ ਨੇ ਇੱਕ ਸੁੰਦਰ ਚਿੱਤਰ ਬਣਾਇਆ ਹੈ।

45) ਸੰਸਾਰ : ਸਮੁੰਦਰ ਜੀਵਾਂ ਦਾ ਇਕ ਅਦਭੁਤ ਸੰਸਾਰ ਹੈ।

46) ਭੰਡਾਰ : ਕਿਸਾਨਾਂ ਨੇ ਅਨਾਜ਼ ਦੇ ਭੰਡਾਰ ਲਗਾ ਦਿੱਤੇ।

47) ਵਚਨ : ਇਕਬਾਲ ਨੇ ਆਪਣੇ ਪਿਤਾ ਜੀ ਨੂੰ ਪੂਰੇ ਜਿਲ੍ਹੇ ‘ਚੋ ਪਹਿਲੇ ਨੰਬਰ ਤੇ ਆਉਣ ਦਾ ਵਚਨ ਦਿੱਤਾ।

48) ਹੌਸਲਾ : ਮੁਸੀਬਤ ਸਮੇਂ ਸਾਨੂੰ ਹੌਸਲਾ ਰੱਖਣਾ ਚਾਹੀਦਾ ਹੈ।

49) ਸੁਗਾਤ : ਮੇਰੇ ਮਾਮਾ ਜੀ ਨੇ ਮੇਰੇ ਜਨਮ ਦਿਨ ਤੇ ਕਈ ਸੁਗਾਤਾਂ ਭੇਜੀਆ।

50) ਨਮੂਨਾ : ਗਲੋਬ ਧਰਤੀ ਦਾ ਇੱਕ ਨਮੂਨਾ ਹੈ।

*****

# ਵਚਨ ਬਦਲੋ

| | | |
|---|---|---|
| ਅੱਖ | : | ਅੱਖਾਂ |
| ਮੱਝ | : | ਮੱਝਾਂ |
| ਦਾਤ | : | ਦਾਤਾਂ |
| ਗੇਂਦ | : | ਗੇਂਦਾਂ |
| ਇੱਟ | : | ਇੱਟਾਂ |
| ਮਾਂ | : | ਮਾਂਵਾਂ |
| ਗਾਂ | : | ਗਾਂਵਾਂ |
| ਛਾਂ | : | ਛਾਂਵਾਂ |
| ਕਥਾ | : | ਕਥਾਵਾਂ |
| ਹਵਾ | : | ਹਵਾਵਾਂ |
| ਕਿਰਿਆ | : | ਕਿਰਿਆਵਾਂ |
| ਕਵਿਤਾ | : | ਕਵਿਤਾਵਾਂ |
| ਦੁਰਘਟਨਾ | : | ਦੁਰਘਟਨਾਵਾਂ |
| ਸ਼ੀਸ਼ਾ | : | ਸ਼ੀਸ਼ੇ |
| ਚੂਹਾ | : | ਚੂਹੇ |
| ਬਾਬਾ | : | ਬਾਬੇ |
| ਤੋਤਾ | : | ਤੋਤੇ |
| ਰੱਸਾ | : | ਰੱਸੇ |
| ਘਰ | : | ਘਰਾਂ |
| ਚਾਚੀ | : | ਚਾਚੀਆਂ |
| ਧੀ | : | ਧੀਆਂ |
| ਰੱਸੀ | : | ਰੱਸੀਆਂ |
| ਕਲੀ | : | ਕਲੀਆਂ |
| ਘੋੜੀ | : | ਘੋੜੀਆਂ |
| ਬੇਰੀ | : | ਬੇਰੀਆਂ |

| | | |
|---|---|---|
| ਬੇਰੀ | : | ਬੇਰੀਆਂ |
| ਤੀਵੀਂ | : | ਤੀਵੀਆਂ |
| ਮੋਰਨੀ | : | ਮੋਰਨੀਆਂ |
| ਇਸਤਰੀ | : | ਇਸਤਰੀਆਂ |
| ਸਭਾ | : | ਸਭਾਵਾਂ |
| ਕਵਿਤਾ | : | ਕਵਿਤਾਵਾਂ |
| ਪੁਸਤਕ | : | ਪੁਸਤਕਾਂ |
| ਇੱਲ | : | ਇੱਲਾਂ |
| ਕਾਪੀ | : | ਕਾਪੀਆਂ |

*****

# ਲਿੰਗ ਬਦਲੋ

| ਪੁਲਿੰਗ | | ਇ: ਲਿੰਗ |
|---|---|---|
| ਕਬੂਤਰ | : | ਕਬੂਤਰੀ |
| ਗੁੱਜਰ | : | ਗੁੱਜਰੀ |
| ਸ਼ਾਹ | : | ਸ਼ਾਹਣੀ |
| ਪੰਡਤ | : | ਪੰਡਤਾਣੀ |
| ਦਿਓਰ | : | ਦਿਓਰਾਣੀ |
| ਬਾਟਾ | : | ਬਾਟੀ |
| ਨਾਨਾ | : | ਨਾਨੀ |
| ਭੁੱਖਾ | : | ਭੁੱਖੀ |
| ਤਾਇਆ | : | ਤਾਈ |
| ਛੋਟਾ | : | ਛੋਟੀ |
| ਭਤੀਜਾ | : | ਭਤੀਜੀ |
| ਚਰਖਾ | : | ਚਰਖੀ |
| ਸਹੁਰਾ | : | ਸੱਸ |
| ਨਰ | : | ਮਾਦਾ |
| ਭਰਾ | : | ਭੈਣ |
| ਮੁੰਡਾ | : | ਕੁੜੀ |
| ਲਾੜਾ | : | ਲਾੜੀ |

| ਪੁਲਿੰਗ | | ਇ: ਲਿੰਗ |
|---|---|---|
| ਪਹਾੜ | : | ਪਹਾੜੀ |
| ਸ਼ੇਰ | : | ਸ਼ੇਰਨੀ |
| ਮਹੰਤ | : | ਮਹੰਤਣੀ |
| ਖੋਤਾ | : | ਖੋਤੀ |
| ਬਾਲ | : | ਬਾਲੜੀ |
| ਮਾਮਾ | : | ਮਾਮੀ |
| ਮੁਗ਼ਲ | : | ਮੁਗ਼ਲਾਣੀ |
| ਕਿਰਲਾ | : | ਕਿਰਲੀ |
| ਸ਼ਹਿਰੀ | : | ਸ਼ਹਿਰਨ |
| ਮੁਰਗਾ | : | ਮੁਰਗ਼ੀ |
| ਘੜਾ | : | ਘੜੀ |
| ਡੱਬਾ | : | ਡੱਬੀ |
| ਸਾਲਾ | : | ਸਾਲੇਹਾਰ |
| ਸੰਦੂਕ | : | ਸੰਦੂਕੜੀ |
| ਸਰਪੰਚ | : | ਸਰਪੰਚਣੀ |

*****